SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 233 | Monday, 23 December 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ






# ਓਪੀਪੀ ਨੇ 50 ਹਜ਼ਾਰ ਡਾਲਰ ਦੇ ਡਰਗਜ਼ ਕੀਤੇ ਜ਼ਬਤ, ਲੋੜੀਂਦਾ ਵਿਅਕਤੀ ਕੀਤਾ ਕਾਬੂ



ਓਟਵਾ, 22 ਦਸੰਬਰ (ਪੋਸਟ ਬਿਊਰੋ): ਓਂਟਾਰੀਓ ਪ੍ਰੋਵਿੰਨਸ਼ੀਅਲ ਪੁਲਿਸ (ਓਪੀਪੀ) ਅਨੁਸਾਰ, ਸ਼ੁੱਕਰਵਾਰ ਦੀ ਸਵੇਰ ਪੂਰਵੀ ਓਂਟਾਰੀਓ ਦੇ ਇੱਕ ਲੋੜੀਂਦੇ ਵਿਅਕਤੀ ਨੂੰ ਬੈਨਕਰਾਫਟ, ਓਂਟਾਰੀਓ ਦੇ ਇੱਕ ਘਰ ਵਿੱਚ 50 ਹਜ਼ਾਰ ਡਾਲਰ ਦੀ ਡਰਗਜ਼ ਅਤੇ ਨਕਦੀ ਨਾਲ ਕਾਬੂ ਕੀਤਾ ਗਿਆ।

ਸਵੇਰੇ 9 ਵਜੇ ਤੋਂ ਬਾਅਦ, ਓਪੀਪੀ ਦੇ ਅਧਿਕਾਰੀ ਇੱਕ ਵਿਅਕਤੀ ਲਈ ਦਵਾਈਆਂ ਲੈਣ ਲਈ ਇੱਕ ਘਰ ’ਚ ਗਏ, ਜੋ ਉਨ੍ਹਾਂ ਦੀ ਹਿਰਾਸਤ ਵਿੱਚ ਸੀ। ਉਦੋਂ ਅਧਿਕਾਰੀਆਂ ਨੂੰ ਅੰਦਰ ਇੱਕ ਵਿਅਕਤੀ ਮਿਲਿਆ, ਜਿਸਦੀ ਪੁਲਿਸ ਨੂੰ ਭਾਲ ਸੀ।

ਜਦੋਂ ਉਹ ਉਸਨੂੰ ਗ੍ਰਿਫ਼ਤਾਰ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਉਸ ਕੋਲੋਂ 2 ਹਜ਼ਾਰ ਡਾਲਰ ਤੋਂ ਜ਼ਿਆਦਾ ਦੀ ਨਕਦੀ ਅਤੇ ਕਈ ਤਰ੍ਹਾਂ ਦੀਆਂ ਸ਼ੱਕੀ ਡਰਗਜ਼ ਮਿਲੀਆਂ, ਜਿਨ੍ਹਾਂ ਵਿੱਚ 104 ਗਰਾਮ ਫੇਂਟੇਨਾਇਲ, 11 ਗਰਾਮ ਕੋਕੀਨ, 11 ਗਰਾਮ ਮੇਥਾਮਫੇਟਾਮਾਈਨ, 16 ਗਰਾਮ ਹੇਰੈਇਨ ਅਤੇ ਆਕਸੀਕੋਡੋਨ ਦੀਆਂ 17 ਗੋਲੀਆਂ ਸ਼ਾਮਿਲ ਸਨ।

33 ਸਾਲਾ ਵਿਅਕਤੀ ’ਤੇ ਕਈ ਚਾਰਜਿਜ਼ ਹਨ, ਜਿਨ੍ਹਾਂ ਵਿੱਚ ਰਿਹਾਈ ਦੇ ਹੁਕਮ ਦਾ ਪਾਲਣ ਨਾ ਕਰਨ, ਅਪਰਾਧ ਤੋਂ ਕਮਾਏ 5 ਹਜ਼ਾਰ ਡਾਲਰ ਤੋਂ ਘੱਟ ਦੀ ਜਾਇਦਾਦ ਰੱਖਣ ਅਤੇ ਤਸਕਰੀ ਦੇ ਉਦੇਸ਼ ਨਾਲ ਡਰਗਜ਼ ਰੱਖਣ ਦੇ ਤਿੰਨ ਮਾਮਲੇ ਸ਼ਾਮਿਲ ਹਨ। ਜ਼ਮਾਨਤ ਦੀ ਸੁਣਵਾਈ ਤੱਕ ਸ਼ੱਕੀ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ।

# ਟੋਰਾਂਟੋ ਪੁਲਿਸ ਦੋ ਅਲੱਗ-ਅਲੱਗ ਗੋਲੀਬਾਰੀ ਦੀਆਂ ਘਟਨਾਵਾਂ ਦੀ ਕਰ ਰਹੀ ਜਾਂਚ



ਟੋਰਾਂਟੋ, 22 ਦਸੰਬਰ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਪੂਰਵੀ ਏਂਡ ਵੱਲ ਦੋ ਅਲੱਗ-ਅਲੱਗ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਹੈ, ਜੋ 12 ਘੰਟਿਆਂ ਵਿਚ ਇੱਕ ਤੋਂ ਬਾਅਦ ਕਰਕੇ ਹੋਈਆਂ।

ਐਤਵਾਰ ਸਵੇਰੇ 5 ਵਜੇ ਤੋਂ ਬਾਅਦ ਅਧਿਕਾਰੀਆਂ ਨੂੰ ਗੋਲੀਆਂ ਚੱਲਣ ਦੀ ਰਿਪੋਰਟ ਲਈ ਡੈਨਫੋਰਥ ਅਤੇ ਕਾਰਲਾ ਏਵੇਨਿਊ ਦੇ ਖੇਤਰ ਵਿੱਚ ਬੁਲਾਇਆ ਗਿਆ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਘਟਨਾ ਸਥਾਨ ’ਤੇ ਗੋਲੀਬਾਰੀ ਦੇ ਸਬੂਤ ਮਿਲੇ ਹਨ।

ਕਾਰਲਾ ਅਤੇ ਲੋਗਾਨ ਏਵੇਨਿਊ ਵਿਚਕਾਰ ਡੈਨਫੋਰਥ ਏਵੇਨਿਊ ਨੂੰ ਪੁਲਿਸ ਵੱਲੋਂ ਜਾਂਚ ਦੇ ਚਲਦੇ ਬੰਦ ਕਰ ਦਿੱਤਾ ਗਿਆ ਹੈ।

ਕੁੱਝ ਘੰਟੇ ਪਹਿਲਾਂ, ਬਰਾਡਵਿਊ ਏਵੇਨਿਊ ਅਤੇ ਕਵੀਨ ਸਟਰੀਟ ਈਸਟ ਕੋਲ, ਪੁਲਿਸ ਨੇ ਇਲਾਕੇ ਵਿੱਚ ਗੋਲੀਬਾਰੀ ਦੀ ਰਿਪੋਰਟ ’ਤੇ ਪ੍ਰਤੀਕਿਰਿਆ ਦਿੱਤੀ। ਅਧਿਕਾਰੀਆਂ ਨੂੰ ਮੁਨਰੋ ਸਟਰੀਟ ’ਤੇ ਗੋਲੀਬਾਰੀ ਦੇ ਸਬੂਤ ਮਿਲੇ ਅਤੇ ਇੱਕ ਖਿੜਕੀ ਟੁੱਟੀ ਹੋਈ ਮਿਲੀ।

ਪੁਲਿਸ ਨੇ ਕਿਹਾ ਕਿ ਦੋਨਾਂ ਮਾਮਲਿਆਂ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਮਿਲੀ। ਪੁਲਿਸ ਨੇ ਕਿਹਾ ਕਿ ਉਨ੍ਹਾਂ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਹੈ, ਜਿਸ ਨਾਲ ਪਤਾ ਚੱਲੇ ਕਿ ਦੋਵੇਂ ਘਟਨਾਵਾਂ ਦਾ ਆਪਸ ਵਿਚ ਕੋਈ ਸੰਬੰਧ ਹੈ। ਜਾਂਚ ਜਾਰੀ ਹੈ।

# ਮਿਸੀਸਾਗਾ ਵਿੱਚ ਨਾਬਾਲਿਗ ਲੜਕੀ ਦੇ ਯੌਨ ਸ਼ੋਸ਼ਣ ਦੇ ਦੋਸ਼ ਵਿੱਚ ਵਿਅਕਤੀ ਗ੍ਰਿਫਤਾਰ



ਟੋਰਾਂਟੋ, 22 ਦਸੰਬਰ (ਪੋਸਟ ਬਿਊਰੋ): ਪੀਲ ਪੁਲਿਸ ਨੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸਨੇ 9 ਦਸੰਬਰ ਨੂੰ ਮਿਸੀਸਾਗਾ ਦੇ ਸਕਵਾਇਰ ਵੰਨ ਇਲਾਕੇ ਵਿੱਚ ਇੱਕ ਨਾਬਾਲਿਗ ਲੜਕੀ ਦਾ ਯੌਨ ਸ਼ੋਸ਼ਣ ਕੀਤਾ ਸੀ।

ਪੁਲਿਸ ਨੇ ਇਸਨੂੰ ‘stranger sex assault’ ਦੱਸਿਆ ਅਤੇ ਕਿਹਾ ਕਿ ਮੁਲਜ਼ਮ ਦੇ ਸ਼ਿਕਾਰ ਹੋਰ ਵੀ ਪੀੜਤ ਹੋ ਸਕਦੇ ਹਨ। ਪੁਲਿਸ ਨੇ ਕਿਹਾ ਕਿ ਮੁਲਜ਼ਮ ਨੇ ਕਥਿਤ ਤੌਰ ’ਤੇ ਪੀੜਿਤਾ ਕੋਲ ਜਾਕੇ ਉਸਨੂੰ ਚੁੰਮਿਆ ਅਤੇ ਅਣ-ਉਚਿਤ ਤਰੀਕੇ ਨਾਲ ਛੂਹਿਆ ਅਤੇ ਉਸ ਨਾਲ ਸੰਬੰਧ ਬਣਾਏ।

ਪੁਲਿਸ ਨੇ ਕਿਹਾ ਕਿ ਪੀੜਿਤਾ ਬਿਨ੍ਹਾਂ ਕਿਸੇ ਸਰੀਰਕ ਸੱਟ ਦੇ ਭੱਜਣ ਵਿੱਚ ਸਫਲ ਰਹੀ।

ਪੁਲਿਸ ਨੇ ਜਾਨਾਥਨ ਵਾਟਸਨ, ਜਿਸਨੂੰ ਜਸਟਿਨ ਵਾਟਸਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਦੀ ਪਹਿਚਾਣ 16 ਦਸੰਬਰ ਨੂੰ ਕੀਤੀ। ਇਸਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ’ਤੇ ਯੌਨ ਸ਼ੋਸ਼ਣ ਦੇ ਇੱਕ ਮਾਮਲੇ ਅਤੇ ਪ੍ਰੋਬੇਸ਼ਨ ਆਰਡਰ ਦੀ ਪਾਲਣ ਨਾ ਕਰਨ ਦੇ ਦੋ ਮਾਮਲਿਆਂ ’ਚ ਚਾਰਜਿਜ਼ ਲਗਾਏ ਗਏ ਹਨ।

ਪੁਲਿਸ ਨੇ ਕਿਹਾ ਕਿ ਗ੍ਰਿਫ਼ਤਾਰੀ ਦੇ ਸਮੇਂ 29 ਸਾਲਾ ਵਾਟਸਨ ’ਤੇ ਯੌਨ ਸ਼ੋਸ਼ਣ ਦੇ ਦੋ ਪਹਿਲਾਂ ਵੀ ਚਾਰਜਿਜ਼ ਸਨ। ਬਰੈਂਪਟਨ ਦੀ ਇੱਕ ਅਦਾਲਤ ਵਿੱਚ ਜ਼ਮਾਨਤ ਦੀ ਸੁਣਵਾਈ ਤੱਕ ਉਸਨੂੰ ਹਿਰਾ-ਸਤ ਵਿੱਚ ਰੱਖਿਆ ਗਿਆ ਹੈ।

# 52 ਸਾਲਾ ਔਰਤ ’ਤੇ ਬਾਲ ਪੋਰਨੋਗਰਾਫੀ ਦੇ ਲੱਗੇ ਦੋਸ਼



ਐਡਮਿੰਟਨ, 22 ਦਸੰਬਰ (ਪੋਸਟ ਬਿਊਰੋ): ਸ਼ੇਰਵੁਡ ਪਾਰਕ ਦੀ ਇੱਕ ਔਰਤ ’ਤੇ ਬਾਲ ਪੋਰਨੋਗਰਾਫੀ ਦੇ ਦੋ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ।

52 ਸਾਲਾ ਕਰੀਸਟਲ ਡਾਨ ਡੇਵਿਸ ਨੂੰ ਵੀਰਵਾਰ ਨੂੰ ਉਸਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ।

ਆਰਸੀਐੱਮਪੀ ਨੇ ਸ਼ੇਰਵੁਡ ਪਾਰਕ ਨਿਵਾਸੀ ਵੱਲੋਂ ਬਾਲ ਪੋਰਨੋਗਰਾਫੀ ਆਨਲਾਈਨ ਡਿਸਟੀਬਿਊਟਿੰਗ ਦੀ ਸੂਚਨਾ ਮਿਲਣ ਤੋਂ ਬਾਅਦ ਉਸਦੇ ਘਰ ਦੀ ਤਲਾਸ਼ੀ ਲਈ। ਉਸ ’ਤੇ ਬਾਲ ਪੋਰਨੋਗਰਾਫੀ ਰੱਖਣ ਅਤੇ ਡਿਸਟੀਬਿਊਟ ਕਰਨ ਦਾ ਚਾਰਜਿਜ਼ ਲਗਾਇਆ ਗਿਆ।

ਡੇਵਿਸ ਨੂੰ ਸ਼ਰਤਾਂ ਨਾਲ ਰਿਹਾਅ ਕੀਤਾ ਗਿਆ ਹੈ। ਉਸਨੂੰ 8 ਜਨਵਰੀ ਨੂੰ ਸ਼ੇਰਵੁਡ ਪਾਰਕ ਵਿੱਚ ਅਲਬਰਟਾ ਕੋਰਟ ਆਫ ਜਸਟਿਸ ਵਿੱਚ ਪੇਸ਼ ਕੀਤਾ ਜਾਣਾ ਹੈ।

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:

- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals



Gurpreet Purba
Broker, CRA
416-669-1423
www.purbahomes.com

# ਵੈਨੀਅਰ ਵਿੱਚ ਕਾਰਬਨ ਮੋਨੋਆਕਸਾਇਡ ਚੜ੍ਹਨ ਕਾਰਨ 4 ਬੱਚੇ ਅਤੇ 4 ਬਾਲਗ ਹਸਪਤਾਲ ’ਚ ਦਾਖਲ

ਓਟਵਾ, 22 ਦਸੰਬਰ (ਪੋਸਟ ਬਿਊਰੋ): ਓਟਵਾ ਪੈਰਾਮੇਡਿਕ ਸਰਵਿਸ ਦਾ ਕਹਿਣਾ ਹੈ ਕਿ ਵੈਨੀਅਰ ਨੇਬਰਹੁੱਡ ਵਿੱਚ ਐਤਵਾਰ ਸਵੇਰੇ ‘potential Carbon Monoxide’ ਕਾਲ ਤੋਂ ਬਾਅਦ ਅੱਠ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੈਰਾਮੇਡਿਕਸ ਨੇ ਸਹੀ ਸਥਾਨ ਬਾਰੇ ਜਾਣਕਾਰੀ ਨਹੀਂ ਦਿੱਤੀ, ਪਰ ਕਿਹਾ ਕਿ ਉਨ੍ਹਾਂ ਨੂੰ ਸਵੇਰੇ 9:15 ਵਜੇ ਗਰੈਨਵਿਲੇ ਸਟਰੀਟ ਨਾਲ ਇੱਕ ਸਥਾਨ ’ਤੇ potential Carbon Monoxide ਦੀ ਸੂਚਨਾ ਦੇਣ ਲਈ ਇੱਕ ਕਾਲ ਆਈ।




ਚਾਰ ਬਾਲਗ ਅਤੇ ਚਾਰ ਬੱਚਿਆਂ ਨੂੰ ਪੈਰਾਮੇਡਿਕਸ ਵੱਲੋਂ ਹਸਪਤਾਲਾਂ ਵਿੱਚ ਲਿਜਾਇਆ ਗਿਆ। ਸਾਰੇ ਚਾਰ ਬੱਚੇ ਗੰਭੀਰ, ਪਰ ਸਥਿਰ ਹਾਲਤ ਵਿੱਚ ਹਨ। ਇੱਕ ਬਾਲਗ ਦੀ ਹਾਲਤ ਜਾਨਲੇਵਾ ਹੈ। ਬਾਕੀ ਤਿੰਨ ਗੰਭੀਰ ਪਰ ਸਥਿਰ ਹਾਲਤ ਵਿੱਚ ਹਨ।

# ਕਾਰਸੋ ਈਟਾਲੀਆ ਇਲਾਕੇ ’ਚ ਕਈ ਲੋਕਾਂ ਵਿਚਕਾਰ ਹੋਈ ਝੜਪ ਦੌਰਾਨ 21 ਸਾਲਾ ਨੌਜਵਾਨ ਦੀ ਮੌਤ, ਪੁਲਿਸ ਕਰ ਰਹੀ ਜਾਂਚ

ਟੋਰਾਂਟੋ, 22 ਦਸੰਬਰ (ਪੋਸਟ ਬਿਊਰੋ): ਪੁਲਿਸ ਦਾ ਕਹਿਣਾ ਹੈ ਕਿ ਟੋਰਾਂਟੋ ਦੇ ਕਾਰਸੋ ਈਟਾਲੀਆ ਇਲਾਕੇ ਵਿੱਚ ਰਾਤ ਨੂੰ ਪੰਜ ਲੋਕਾਂ ਵਿਚਕਾਰ ਹੋਈ ਝੜਪ ਵਿੱਚ 21 ਸਾਲਾ ਨੌਜਵਾਨ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਰਿਪੋਰਟ ਲਈ ਸਵੇਰੇ 3 ਵਜੇ ਦੇ ਲਗਭਗ ਲੈਂਸਡਾਊਨ ਏਵੇਨਿਊ ਦੇ ਪੂਰਵ ਵਿੱਚ ਸੇਂਟ ਕਲੇਇਰ ਅਤੇ ਨੈਰਨ ਏਵੇਨਿਊ ਦੇ ਚੁਰਾਸਤੇ ’ਤੇ ਅਧਿਕਾਰੀਆਂ ਨੂੰ ਬੁਲਾਇਆ ਗਿਆ ਸੀ।

ਜਦੋਂ ਅਧਿਕਾਰੀ ਘਟਨਾ ਸਥਾਨ ’ਤੇ ਪਹੁੰਚੇ ਤਾਂ ਉਨ੍ਹਾਂ ਨੇ ਇੱਕ ਪੀੜਤ ਪੁਰਸ਼ ਨੂੰ ਵੇਖਿਆ, ਜਿਸ ’ਤੇ ਸੱਟ ਦੇ ਨਿਸ਼ਾਨ ਸਨ। ਉਸਨੂੰ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਮ੍ਰਿਤਕ ਐਲਾਨ ਕਰ ਦਿੱਤਾ ਗਿਆ।



ਸ਼ਨੀਵਾਰ ਦੁਪਹਿਰ ਨੂੰ ਸੰਪਾਦਕਾਂ ਵਲੋਂ ਗੱਲ ਕਰਦੇ ਹੋਏ , ਟੋਰੰਟੋ ਪੁਲਿਸ ਦੀ ਹੋਮੋਸਾਈਡ ਐਂਡ ਮਿਸਿੰਗ ਪਰਸਨ ਯੂਨਿਟ ਦੇ ਡਿਟੇਕਟਿਵ ਸਾਰਜੇਂਟ ਬਰੈਂਡਨ ਪ੍ਰਾਈਸ ਨੇ ਕਿਹਾ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪੀੜਤ ਨੂੰ ਲੰਬੀ ਝੜਪ ਦੌਰਾਨ ਚਾਕੂ ਮਾਰਿਆ ਗਿਆ ਹੈ।

ਪ੍ਰਾਈਸ ਨੇ ਕਿਹਾ ਕਿ ਇਸ ਇਲਾਕੇ ਵਿੱਚ ਕਈ ਬਾਰ ਹਨ ਅਤੇ ਜਾਂਚਕਰਤਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਘਟਨਾ ਕਿਸੇ ਇੱਕ ਵਿੱਚ ਸ਼ੁਰੂ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਘੱਟ ਤੋਂ ਘੱਟ ਪੰਜ ਲੋਕ ਇਸ ਵਿੱਚ ਸ਼ਾਮਿਲ ਸਨ। ਪੁਲਿਸ ਵੱਲੋਂ ਜਾਂਚ ਜਾਰੀ ਹੈ।

# 26 ਜਨਵਰੀ ਨੂੰ ਪਰੇਡ ’ਚ ਦਿਸੇਗੀ ਪੰਜਾਬ ਦੀ ਝਾਕੀ, ਦਿੱਲੀ ਦੀ ਝਾਕੀ ਹੋਈ ਰੱਦ

ਨਵੀਂ ਦਿੱਲੀ, 22 ਦਸੰਬਰ (ਪੋਸਟ ਬਿਊਰੋ): ਇਸ ਵਾਰ 26 ਜਨਵਰੀ ਨੂੰ ਪੰਜਾਬ ਦੀ ਝਾਕੀ ਨੂੰ ਚੁਣਿਆ ਗਿਆ ਅਤੇ ਦਿੱਲੀ ਦੀ ਝਾਕੀ ਨੂੰ ਰੱਦ ਕਰ ਦਿੱਤਾ ਗਿਆ ਹੈ। ਮਾਹਿਰਾਂ ਦੀ ਕਮੇਟੀ ਨੇ ਦਿੱਲੀ ਦੀ ਝਾਕੀ ਦੇ ਥੀਮ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਦੀ ਝਾਕੀ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਚਾਰ ਹੋਰ ਸੂਬਿਆਂ ਦੀਆਂ ਝਾਕੀਆਂ ਨੂੰ ਵੀ ਨਾ ਮਨਜ਼ੂਰ ਕੀਤਾ ਗਿਆ ਹੈ।

ਇਸ ਵਾਰ ਗੁਜਰਾਤ, ਯੂਪੀ, ਹਰਿਆਣਾ, ਆਂਧਰਾ ਪ੍ਰਦੇਸ਼ ਅਤੇ ਬੰਗਾਲ ਦੀਆਂ ਝਾਕੀਆਂ ਵੀ 26 ਜਨਵਰੀ ਦੀ ਪਰੇਡ ਵਿਚ ਹਿੱਸਾ ਲੈਣਗੀਆਂ। ਗਣਤੰਤਰ ਦਿਵਸ ਪਰੇਡ 2025 ’ਚ ਇੱਕ ਵਾਰ ਫਿਰ ਰਾਜਧਾਨੀ ਦਿੱਲੀ ਦੀ ਝਾਕੀ ਨਹੀਂ ਦਿਖਾਈ ਦੇਵੇਗੀ। ਹਾਲਾਂਕਿ, ਦੇਸ਼ ਦੇ 76ਵੇਂ ਗਣਤੰਤਰ ਦਿਵਸ ਪਰੇਡ ਦੌਰਾਨ ਆਮ ਆਦਮੀ ਸ਼ਾਸਤ ਰਾਜ ਪੰਜਾਬ ਸਮੇਤ 15 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਿਰਸੇ, ਇਤਿਹਾਸ ਅਤੇ ਵਰਤਮਾਨ ਨਾਲ ਸਜੀ ਰੰਗੀਨ ਝਾਕੀ ਨੂੰ ਕਰਤੱਵਿਆ ਪੱਥ ’ਤੇ ਦੇਖਿਆ ਜਾਵੇਗਾ।

# ਫਰਾਂਸ ਵਿਚ ਪੈਗੰਬਰ ਦਾ ਕਾਰਟੂਨ ਦਿਖਾਉਣ ਦੇ ਦੋਸ਼ ’ਚ ਅਧਿਆਪਕ ਕਤਲ ਮਾਮਲੇ ’ਚ 8 ਦੋਸ਼ੀਆਂ ਨੂੰ ਹੋਈ ਸਜ਼ਾ

ਪੈਰਿਸ, 22 ਦਸੰਬਰ (ਪੋਸਟ ਬਿਊਰੋ): ਫਰਾਂਸ ਦੀ ਅਦਾਲਤ ਨੇ ਪੈਗੰਬਰ ਮੁਹੰਮਦ ਦਾ ਕਾਰਟੂਨ ਦਿਖਾਉਣ ਦੇ ਝੂਠੇ ਦੋਸ਼ 'ਚ ਇੱਕ ਅਧਿਆਪਕ ਦੇ ਕਤਲ ਮਾਮਲੇ 'ਚ 8 ਮੁਲਜਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਸ਼ੁੱਕਰਵਾਰ ਨੂੰ ਫੈਸਲਾ ਸੁਣਾਉਂਦੇ ਹੋਏ ਪੈਰਿਸ ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀ ਨੂੰ 3 ਤੋਂ 16 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਮੁਲਜ਼ਮਾਂ ਵਿੱਚ 7 ਪੁਰਸ਼ ਅਤੇ ਇੱਕ ਔਰਤ ਸ਼ਾਮਿਲ ਹੈ।

ਬੀਬੀਸੀ ਦੀ ਰਿਪੋਰਟ ਅਨੁਸਾਰ, 2020 ਵਿੱਚ, ਸੈਮੂਅਲ ਪੈਟੀ ਨਾਮ ਦੇ ਇੱਕ ਅਧਿਆਪਕ ਦੀ ਪੈਰਿਸ ਵਿੱਚ




ਕਾਨਫਰੰਸ ਸੇਂਟ ਹੋਨੋਰੀਨ ਵਿੱਚ ਉਸਦੇ ਸਕੂਲ ਦੇ ਬਾਹਰ ਹੱਤਿਆ ਕਰ ਦਿੱਤੀ ਗਈ ਸੀ। ਇਸ ਕਤਲ ਨੂੰ ਅੰਜ਼ਾਮ ਦੇਣ ਵਾਲਾ ਵਿਅਕਤੀ 18 ਸਾਲਾ ਅਬਦੁੱਲਖ ਅੰਜ਼ੋਰੋਵ ਸੀ। ਹਮਲੇ ਤੋਂ ਕੁਝ ਘੰਟਿਆਂ ਬਾਅਦ ਹੀ ਅੰਜ਼ੋਰੋਵ ਨੂੰ ਪੁਲਿਸ ਨੇ ਮਾਰ ਦਿੱਤਾ ਸੀ।

ਹੁਣ ਅਦਾਲਤ ਨੇ ਅੰਜ਼ੋਰੋਵ ਦੀ ਮਦਦ ਕਰਨ ਦੇ ਦੋਸ਼ ਵਿਚ ਉਸ ਦੇ ਦੋ ਦੋਸਤਾਂ ਨਈਮ ਬੌਦਾਉਦ (22) ਅਤੇ ਅਜ਼ੀਮ ਅਪਸੀਰਖਾਨੋਵ (23) ਨੂੰ 16-16 ਸਾਲ ਦੀ ਸਜ਼ਾ ਸੁਣਾਈ ਹੈ। ਨਈਮ ਨੇ ਅੰਜ਼ੋਰੋਵ ਨੂੰ ਸਕੂਲ ਪਹੁੰਚਾਉਣ ਵਿਚ ਮਦਦ ਕੀਤੀ ਅਤੇ ਅਜ਼ੀਮ ਨੇ ਹਥਿਆਰ ਖਰੀਦਣ ਵਿਚ ਮਦਦ ਕੀਤੀ। ਇਨ੍ਹਾਂ ਤੋਂ ਇਲਾਵਾ 6 ਹੋਰ ਦੋਸ਼ੀਆਂ ਨੂੰ ਵੱਖ-ਵੱਖ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਅਦਾਲਤ ਨੇ ਕੱਟੜਪੰਥੀ ਇਸਲਾਮੀ ਸਮੂਹ ਨਾਲ ਜੁੜੇ ਅਬਦੇਲਹਕੀਮ ਸੇਫਰੀਓਈ ਨੂੰ ਪੈਟੀ ਵਿਰੁੱਧ ਨਫਰਤ ਫੈਲਾਉਣ ਦੇ ਦੋਸ਼ ਵਿਚ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਪੈਟੀ ਦੇ ਸਕੂਲ ਵਿੱਚ ਪੜ੍ਹਦੇ ਇੱਕ ਵਿਦਿਆਰਥੀ ਦੇ ਪਿਤਾ ਬ੍ਰਹਮ ਚਨੀਨਾ ਨੂੰ ਪੈਟੀ ਵਿਰੁੱਧ ਝੂਠੀਆਂ ਪੋਸਟਾਂ ਪਾਉਣ ਦੇ ਦੋਸ਼ ਵਿੱਚ 13 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਾਕੀ 4 ਦੋਸ਼ੀਆਂ ਨੂੰ ਇੰਟਰਨੈੱਟ 'ਤੇ ਹਿੰਸਾ ਭੜਕਾਉਣ ਦੇ ਦੋਸ਼ 'ਚ ਦੋਸ਼ੀ ਠਹਿਰਾਇਆ ਗਿਆ ਹੈ।

# ਜਰਮਨੀ ਕ੍ਰਿਸਮਸ ਮਾਰਕੀਟ ਵਿਚ 200 ਲੋਕਾਂ ਨੂੰ ਕੁਚਲਣ ਵਾਲੇ ਸਾਊਦੀ ਨਾਗਰਿਕ ਨੂੰ ਨਹੀਂ ਕਰੇਗਾ ਡਿਪੋਰਟ

ਬਰਲਿਨ, 22 ਦਸੰਬਰ (ਪੋਸਟ ਬਿਊਰੋ): ਜਰਮਨ ਸਰਕਾਰ ਨੇ ਇੱਕ ਤੇਜ਼ ਰਫ਼ਤਾਰ ਕਾਰ ਨਾਲ ਕ੍ਰਿਸਮਸ ਮਾਰਕੀਟ 'ਤੇ ਹਮਲਾ ਕਰਨ ਵਾਲੇ ਮੁਲਜ਼ਮ ਨੂੰ ਸਾਊਦੀ ਅਰਬ ਭੇਜਣ ਤੋਂ ਇਨਕਾਰ ਕਰ ਦਿੱਤਾ। ਜਰਮਨ ਸਰਕਾਰ ਦੇ ਇਸ ਫੈਸਲੇ 'ਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਐਲਨ ਮਸਕ ਨੇ ਕਿਹਾ ਕਿ ਦੋਸ਼ੀਆਂ ਨਾਲ ਇਹ ਹਮਦਰਦੀ ਖਤਰਨਾਕ ਹੈ। ਦੱਸ ਦਈਏ ਕਿ ਸ਼ੁੱਕਰਵਾਰ ਨੂੰ ਜਰਮਨੀ ਦੇ ਮੈਗਡੇਬਰਗ ਸ਼ਹਿਰ ਦੇ ਕ੍ਰਿਸਮਸ ਬਾਜ਼ਾਰ 'ਚ ਸਾਊਦੀ ਡਾਕਟਰ ਨੇ ਤੇਜ਼ ਰਫਤਾਰ ਕਾਰ ਨਾਲ ਸੈਂਕੜੇ ਲੋਕਾਂ ਨੂੰ ਕੁਚਲ ਦਿੱਤਾ ਸੀ। ਇਸ ਹਮਲੇ 'ਚ 5 ਲੋਕਾਂ ਦੀ ਮੌਤ ਹੋ ਗਈ ਸੀ, ਜਦਕਿ 200 ਲੋਕ ਜ਼ਖਮੀ ਹੋ ਗਏ ਸਨ। ਜ਼ਖਮੀਆਂ 'ਚ 7 ਭਾਰਤੀ ਵੀ ਸ਼ਾਮਿਲ ਹਨ।



ਮਸਕ ਨੇ ਐਕਸ 'ਤੇ ਕਿਹਾ ਕਿ ਉਹ ਸਪੱਸ਼ਟ ਤੌਰ 'ਤੇ ਇੱਕ ਪਾਗਲ ਸੀ ਜਿਸ ਨੂੰ ਕਦੇ ਵੀ ਜਰਮਨੀ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਜਦੋਂ ਸਾਊਦੀ ਅਰਬ ਨੇ ਅਪੀਲ ਕੀਤੀ ਸੀ ਤਾਂ ਉਸ ਨੂੰ ਦੇਸ਼ ਨਿਕਾਲਾ ਦੇਣਾ ਚਾਹੀਦਾ ਸੀ। ਇਸ ਮਾਮਲੇ ਵਿੱਚ ਜਰਮਨ ਸਰਕਾਰ ਨੇ ਆਤਮਘਾਤੀ ਹਮਦਰਦੀ ਦਿਖਾਈ ਹੈ।

ਕ੍ਰਿਸਮਸ ਮਾਰਕੀਟ ਹਮਲੇ ਦਾ ਦੋਸ਼ੀ ਸਾਊਦੀ ਅਰਬ ਦਾ ਨਾਗਰਿਕ ਹੈ ਜੋ 2006 ਤੋਂ ਜਰਮਨੀ ਦੇ ਪੂਰਬੀ ਰਾਜ ਸੈਕਸਨੀ-ਐਨਹਾਲਟ ਵਿੱਚ ਰਹਿ ਰਿਹਾ ਸੀ। ਇਸਨੂੰ 2016 ਵਿੱਚ ਸ਼ਰਨਾਰਥੀ ਦਾ ਦਰਜਾ ਦਿੱਤਾ ਗਿਆ ਸੀ। ਸੈਕਸਨੀ-ਐਨਹਾਲਟ ਦੇ ਪ੍ਰੀਮੀਅਰ ਨੇ ਮੁਲਜ਼ਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਕਿਹਾ ਕਿ ਹਮਲਾਵਰ ਨੇ ਇਕੱਲੇ ਹੀ ਇਸ ਘਟਨਾ ਨੂੰ ਅੰਜ਼ਾਮ ਦਿੱਤਾ। ਹਮਲੇ ਦੇ ਪਿੱਛੇ ਦੇ ਮਕਸਦ ਦਾ ਪਤਾ ਨਹੀਂ ਲੱਗ ਸਕਿਆ ਹੈ।




























## ਅਮਰੀਕਾ 'ਚ ਸ਼ਟਡਾਊਨ ਰੋਕਣ ਵਾਲਾ ਬਿੱਲ ਪਾਸ, 23 ਲੱਖ ਕਰਮਚਾਰੀਆਂ ਦੀ ਤਨਖਾਹ ਇਸ 'ਤੇ ਨਿਰਭਰ



ਵਾਸ਼ਿੰਗਟਨ, 22 ਦਸੰਬਰ (ਪੋਸਟ ਬਿਊਰੋ): ਅਸਥਾਈ ਫੰਡਿੰਗ ਬਿੱਲ ਨੂੰ ਅਮਰੀਕੀ ਸੰਸਦ ਦੇ ਦੋਵਾਂ ਸਦਨਾਂ ਨੇ ਪਾਸ ਕਰ ਦਿੱਤਾ ਹੈ। ਇਸ ਕਾਰਨ ਆਖ਼ਰੀ ਸਮੇਂ 'ਤੇ ਸਰਕਾਰੀ ਸ਼ਟਡਾਊਨ ਟਲ ਗਿਆ। ਜੇਕਰ ਇਹ ਸ਼ਟਡਾਊਨ ਲਾਗੂ ਹੋ ਜਾਂਦਾ ਤਾਂ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਸਰਕਾਰ ਕੋਲ ਪੈਸਾ ਨਹੀਂ ਬਚਦਾ।

ਇਸ ਬਿੱਲ ਨੂੰ ਅਮਰੀਕੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿੱਚ 34 ਦੇ ਮੁਕਾਬਲੇ 366 ਵੋਟਾਂ ਨਾਲ ਪਾਸ ਕੀਤਾ ਗਿਆ। ਉਪਰਲੇ ਸਦਨ ਸੈਨੇਟ ਵਿਚ ਇਸ ਨੂੰ 11 ਦੇ ਮੁਕਾਬਲੇ 85 ਵੋਟਾਂ ਨਾਲ ਪਾਸ ਕੀਤਾ ਗਿਆ। ਹੁਣ ਇਹ ਬਿੱਲ ਸ਼ਨੀਵਾਰ ਨੂੰ ਰਾਸ਼ਟਰਪਤੀ ਜੋਅ ਬਾਇਡਨ ਦੇ ਦਸਤਖਤਾਂ ਲਈ ਵ੍ਹਾਈਟ ਹਾਊਸ ਭੇਜਿਆ ਜਾਵੇਗਾ। ਜਿਸ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ।

ਜੇਕਰ ਇਹ ਬਿੱਲ ਪਾਸ ਨਾ ਹੋਇਆ ਹੁੰਦਾ ਤਾਂ ਅਮਰੀਕਾ ਵਿੱਚ ਸਰਕਾਰੀ ਕੰਮਕਾਜ ਬੰਦ ਹੋ ਜਾਣਾ ਸੀ। ਇਸ ਕਾਰਨ 8.75 ਲੱਖ ਮੁਲਾਜ਼ਮਾਂ ਨੂੰ ਛੁੱਟੀ 'ਤੇ ਭੇਜ ਦਿੱਤਾ ਜਾਵੇਗਾ, ਜਦਕਿ ਐਮਰਜੈਂਸੀ ਸੇਵਾਵਾਂ 'ਚ ਲੱਗੇ 14 ਲੱਖ ਮੁਲਾਜ਼ਮਾਂ ਨੂੰ ਬਿਨ੍ਹਾਂ ਤਨਖਾਹ ਤੋਂ ਕੰਮ ਕਰਨਾ ਪਵੇਗਾ। ਪਿਛਲੀ ਵਾਰ 2018 ਵਿੱਚ ਜਦੋਂ 35 ਦਿਨਾਂ ਲਈ ਸ਼ਟਡਾਊਨ ਰਿਹਾ ਸੀ, ਤਾਂ 20 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਸਨ।

ਅਮਰੀਕਾ ਵਿੱਚ ਸਰਕਾਰੀ ਕਰਜ਼ੇ ਦੀ ਇੱਕ ਸੀਮਾ ਹੈ। ਉਹ ਦੇਸ਼ ਚਲਾਉਣ ਲਈ ਇਸ ਤੋਂ ਵੱਧ ਉਧਾਰ ਨਹੀਂ ਲੈ ਸਕਦੀ। ਸਰਕਾਰ ਨੂੰ ਕੈਸ਼ਲੈੱਸ ਹੋਣ ਤੋਂ ਰੋਕਣ ਲਈ ਸਾਲਾਂ ਦੌਰਾਨ ਇਸ ਸੀਮਾ ਨੂੰ ਕਈ ਵਾਰ ਵਧਾ ਦਿੱਤਾ ਗਿਆ ਹੈ। ਇਸ ਦੇ ਲਈ ਅਮਰੀਕੀ ਸੰਸਦ ਵਿੱਚ ਇੱਕ ਬਿੱਲ ਲਿਆਂਦਾ ਗਿਆ ਹੈ।

ਇਕ ਵਾਰ ਬਿੱਲ ਖਾਰਜ ਹੋ ਜਾਣ ਤੋਂ ਬਾਅਦ ਇਸ ਨੂੰ ਦੁਬਾਰਾ ਪਾਸ ਕਰਾਉਣ ਦਾ ਆਖਰੀ ਸਮਾਂ ਸ਼ਨੀਵਾਰ ਸੀ। ਜੇਕਰ ਇਸ ਤੋਂ ਬਾਅਦ ਵੀ ਬਿੱਲ ਪਾਸ ਨਹੀਂ ਹੋਇਆ ਤਾਂ ਅਮਰੀਕਾ 'ਚ ਸ਼ਟਡਾਊਨ ਹੋ ਸਕਦਾ ਸੀ।

## ਪ੍ਰਧਾਨ ਮੰਤਰੀ ਮੋਦੀ ਨੂੰ ਕੁਵੈਤ ਦਾ ਸਰਵਉੱਚ ਸਨਮਾਨ ਮਿਲਿਆ, ਸਨਮਾਨ ਪ੍ਰਾਪਤ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣੇ

ਕੁਵੈਤ ਸਿਟੀ, 22 ਦਸੰਬਰ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਕੁਵੈਤ ਫੇਰੀ ਦੇ ਦੂਜੇ ਦਿਨ ਆਰਡਰ ਆਫ ਮੁਬਾਰਕ ਅਲ ਕਬੀਰ ਦਾ ਸਰਵਉੱਚ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਕੁਵੈਤ ਦੇ ਅਮੀਰ ਸ਼ੇਖ ਮਿਸ਼ਾਲ ਅਲ-ਅਹਿਮਦ ਅਲ-ਜਾਬਰ ਅਲ-ਸਬਾਹ ਨੇ ਦਿੱਤਾ। ਮੋਦੀ ਇਹ ਸਨਮਾਨ ਹਾਸਿਲ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ। ਇਹ 20ਵਾਂ ਅੰਤਰਰਾਸ਼ਟਰੀ ਸਨਮਾਨ ਹੈ ਜੋ ਮੋਦੀ ਨੂੰ ਕਿਸੇ ਦੇਸ਼ ਤੋਂ ਮਿਲਿਆ ਹੈ।



ਮੁਬਾਰਕ ਅਲ ਕਬੀਰ ਦਾ ਆਰਡਰ ਕੁਵੈਤ ਦਾ ਨਾਈਟਹੁੱਡ ਆਰਡਰ ਹੈ। ਇਹ ਪੁਰਸਕਾਰ ਰਾਜ ਦੇ ਮੁਖੀਆਂ ਅਤੇ ਵਿਦੇਸ਼ੀ ਸ਼ਾਸਕਾਂ ਅਤੇ ਵਿਦੇਸ਼ੀ ਸ਼ਾਹੀ ਪਰਿਵਾਰਾਂ ਦੇ ਮੈਂਬਰਾਂ ਨੂੰ ਦੋਸਤੀ ਦੇ ਚਿੰਨ੍ਹ ਵਜੋਂ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਬਿਲ ਕਲਿੰਟਨ, ਪ੍ਰਿੰਸ ਚਾਰਲਸ ਅਤੇ ਜਾਰਜ ਬੁਸ਼ ਵਰਗੇ ਵਿਦੇਸ਼ੀ ਨੇਤਾਵਾਂ ਨੂੰ ਦਿੱਤਾ ਜਾ ਚੁੱਕਾ ਹੈ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮੋਦੀ ਨੇ ਅਮੀਰ ਸ਼ੇਖ ਮਿਸ਼ਾਲ ਨਾਲ ਹੋਈ ਗੱਲਬਾਤ ਬਾਰੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕੀਤਾ। ਉਨ੍ਹਾਂ ਨੇ ਲਿਖਿਆ ਕਿ ਕੁਵੈਤ ਦੇ ਅਮੀਰ ਨਾਲ ਸ਼ਾਨਦਾਰ ਮੁਲਾਕਾਤ ਹੋਈ। ਅਸੀਂ ਫਾਰਮਾਸਿਊਟੀਕਲ, ਆਈ.ਟੀ., ਫਿਨਟੈਕ, ਬੁਨਿਆਦੀ ਢਾਂਚਾ ਅਤੇ ਸੁਰੱਖਿਆ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ। ਅਸੀਂ ਆਪਣੀ ਭਾਈਵਾਲੀ ਨੂੰ ਰਣਨੀਤਕ ਪੱਧਰ ਤੱਕ ਲੈ ਗਏ ਹਾਂ ਅਤੇ ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਾਡੀ ਦੋਸਤੀ ਹੋਰ ਵੀ ਮਜ਼ਬੂਤ ਹੋਵੇਗੀ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦਾ ਅਮੀਰ ਦੇ ਮਹਿਲ ਬਾਯਾਨ ਪੈਲੇਸ ਵਿੱਚ ਸਵਾਗਤ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਨਾਲ ਸਨਮਾਨਿਤ ਕੀਤਾ ਗਿਆ। ਮੋਦੀ ਸ਼ਨੀਵਾਰ ਨੂੰ ਕੁਵੈਤ ਦੇ ਦੋ ਦਿਨਾਂ ਦੌਰੇ 'ਤੇ ਪਹੁੰਚੇ ਸਨ।

## ਮੰਦਰ ਦੇ ਗੋਲਕ ਵਿਚ ਡਿੱਗਿਆ ਸ਼ਰਧਾਲੂ ਦਾ ਆਈਫ਼ੋਨ, ਮੰਦਰ ਨੇ ਵਾਪਿਸ ਕਰਨ ਤੋਂ ਕੀਤਾ ਇਨਕਾਰ

ਚੇਨੱਈ, 22 ਦਸੰਬਰ (ਪੋਸਟ ਬਿਊਰੋ): ਚੇਨੱਈ 'ਚ ਇੱਕ ਸ਼ਰਧਾਲੂ ਦਾ ਆਈਫ਼ੋਨ ਗ਼ਲਤੀ ਨਾਲ ਇੱਕ ਮੰਦਰ ਦੇ ਗੋਲਕ 'ਚ ਡਿੱਗ ਗਿਆ ਜਿਸ ਨੂੰ ਵਾਪਿਸ ਕਰਨ ਦੀ ਅਪੀਲ ਨੂੰ ਤਾਮਿਲਨਾਡੂ ਹਿੰਦੂ ਧਾਰਮਿਕ ਅਤੇ ਧਰਮਾਰਥ ਬੰਦੋਬਸਤ ਵਿਭਾਗ ਨੇ ਇਹ ਕਹਿ ਕੇ ਨਾਮਨਜ਼ੂਰ ਕਰ ਦਿੱਤਾ ਕਿ ਇਹ ਹੁਣ ਮੰਦਰ ਦੀ ਜਾਇਦਾਦ ਬਣ ਗਿਆ ਹੈ।

ਆਪਣੀ ਗ਼ਲਤੀ ਦਾ ਅਹਿਸਾਸ ਹੋਣ ਤੋਂ ਤੁਰੰਤ ਬਾਅਦ ਦਿਨੇਸ਼ ਨਾਮਕ ਸ਼ਰਧਾਲੂ ਨੇ ਤਿਰੂਪੂਰ ਸਥਿਤ ਸ੍ਰੀ ਕੰਡਾਸਵਾਮੀ ਮੰਦਰ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਅਪੀਲ ਕੀਤੀ ਕਿ ਦਾਨ ਕਰਦੇ ਸਮੇਂ ਅਨਜਾਣਪੁਣੇ 'ਚ ਗੋਲਕ 'ਚ ਡਿੱਗਿਆ ਫ਼ੋਨ ਉਨ੍ਹਾਂ ਨੂੰ ਵਾਪਿਸ ਕੀਤਾ ਜਾਵੇ। ਸ਼ੁੱਕਰਵਾਰ ਨੂੰ ਗੋਲਕ ਖੋਲ੍ਹਣ ਤੋਂ ਬਾਅਦ ਮੰਦਰ ਪ੍ਰਸ਼ਾਸਨ ਨੇ ਦਿਨੇਸ਼ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਫ਼ੋਨ ਮਿਲ ਗਿਆ ਹੈ ਅਤੇ ਉਨ੍ਹਾਂ ਨੂੰ ਫ਼ੋਨ ਦਾ ਸਿਰਫ਼ ਡਾਟਾ ਪ੍ਰਦਾਨ ਕੀਤਾ ਜਾ ਸਕਦਾ ਹੈ। ਜਦੋਂ ਇਹ ਮਾਮਲਾ ਹਿੰਦੂ ਧਾਰਮਿਕ ਅਤੇ ਧਰਮ ਬਾਰੇ ਬੰਦੋਬਸਤ ਮੰਤਰੀ ਪੀ.ਕੇ. ਸ਼ੇਖਰ ਬਾਬੂ ਦੇ ਨੋਟਿਸ 'ਚ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਜੋ ਕੁਝ ਵੀ ਗੋਲਕ 'ਚ ਪਾਇਆ ਜਾਂਦਾ ਹੈ ਭਾਵੇਂ ਉਹ ਮਨਮਰਜ਼ੀ ਨਾਲ ਨਾ ਵੀ ਦਿੱਤਾ ਗਿਆ ਹੋਵੇ ਰੱਬ ਦੇ ਖਾਤੇ 'ਚ ਚਲਾ ਜਾਂਦਾ ਹੈ।

ਹਾਲਾਂਕਿ ਉਨ੍ਹਾਂ ਕਿਹਾ ਕਿ ਉਹ ਵਿਭਾਗ ਦੇ ਅਧਿਕਾਰੀਆਂ ਨਾਲ ਇਸ ਬਾਰੇ ਚਰਚਾ ਕਰਨਗੇ ਕਿ ਕੀ ਸ਼ਰਧਾਲੂ ਨੂੰ ਮੁਆਵਜ਼ਾ ਦੇਣ ਦੀ ਕੋਈ ਸੰਭਾਵਨਾ ਹੈ ਜਾਂ ਨਹੀਂ। ਸੂਬੇ 'ਚ ਇਹ ਮਾਮਲਾ ਨਵਾਂ ਨਹੀਂ ਹੈ। 2023 'ਚ ਅਲਪੁੱਝਾ ਦੀ ਸ਼ਰਧਾਲੂ ਐੱਸ. ਸੰਗੀਤਾ ਦੀ ਸੋਨੇ ਦੀ ਚੇਨ ਗ਼ਲਤੀ ਨਾਲ ਪਲਾਨੀ ਦੇ ਪ੍ਰਸਿੱਧ ਸ੍ਰੀ ਧਨਦਾਯੂਥਪਾਨੀ ਸਵਾਮੀ ਮੰਦਰ ਦੇ ਗੋਲਕ 'ਚ ਡਿੱਗ ਗਈ ਸੀ। ਹਾਲਾਂਕਿ ਮੰਦਰ ਨੇ ਉਸ ਦੀ ਆਰਥਿਕ ਸਥਿਤੀ ਵੇਖਣ ਮਗਰੋਂ ਉਸ ਨੂੰ ਅਪਣੇ ਨਿੱਜੀ ਖ਼ਰਚ 'ਤੇ ਉਸੇ ਕੀਮਤ ਦੀ ਇੱਕ ਨਵੀਂ ਸੋਨੇ ਦੀ ਚੇਨ ਖ਼ਰੀਦ ਕੇ ਦਿੱਤੀ ਸੀ।

## ਪੁਰਾਣੀ ਕਾਰ ਖ਼ਰੀਦਣ 'ਤੇ ਦੇਣਾ ਪਵੇਗਾ 18 ਫ਼ੀਸਦੀ ਜੀ.ਐੱਸ.ਟੀ, ਫੈਸਲਾ ਡੀਲਰਾਂ ਅਤੇ ਕਾਰ ਕੰਪਨੀਆਂ 'ਤੇ ਹੋਵੇਗਾ ਲਾਗੂ




ਨਵੀਂ ਦਿੱਲੀ, 22 ਦਸੰਬਰ (ਪੋਸਟ ਬਿਊਰੋ): ਜੈਸਲਮੇਰ 'ਚ ਹੋਈ ਜੀਐੱਸਟੀ ਕੌਂਸਲ ਦੀ ਮੀਟਿੰਗ ਵਿਚ ਪੁਰਾਣੀਆਂ ਕਾਰਾਂ 'ਤੇ ਟੈਕਸ ਵਧਾਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਪੁਰਾਣੀਆਂ ਕਾਰਾਂ 'ਤੇ ਜੀਐੱਸਟੀ ਦਰ ਨੂੰ 12 ਫ਼ੀਸਦੀ ਤੋਂ ਵਧਾ ਕੇ 18 ਫ਼ੀ ਸਦੀ ਕਰਨ 'ਤੇ ਸਹਿਮਤੀ ਬਣੀ ਹੈ। ਇਸ ਫ਼ੈਸਲੇ ਨਾਲ ਪੁਰਾਣੀ ਕਾਰ ਖ਼ਰੀਦਣੀ ਮਹਿੰਗੀ ਹੋ ਜਾਵੇਗੀ।

ਜੀਐੱਸਟੀ ਕੌਂਸਲ ਦੀ ਮੀਟਿੰਗ 'ਚ ਫ਼ੈਸਲਾ ਲਿਆ ਗਿਆ ਹੈ ਜਿਸ ਨਾਲ ਆਮ ਆਦਮੀ ਦੀ ਜੇਬ 'ਤੇ ਅਸਰ ਪਵੇਗਾ। ਦਰਅਸਲ, ਜੀਐੱਸਟੀ ਕੌਂਸਲ ਦੀ ਮੀਟਿੰਗ 'ਚ, ਇਲੈਕਟ੍ਰਿਕ ਵਾਹਨਾਂ ਸਮੇਤ ਪੁਰਾਣੇ ਵਾਹਨਾਂ 'ਤੇ ਜੀਐੱਸਟੀ ਦਰ 12 ਫ਼ੀਸਦੀ ਤੋਂ ਵਧਾ ਕੇ 18 ਫ਼ੀਸਦੀ ਕਰਨ 'ਤੇ ਸਹਿਮਤੀ ਬਣੀ ਹੈ। ਇਸ ਦਾ ਮਤਲਬ ਹੈ ਕਿ ਹੁਣ ਜੇਕਰ ਤੁਸੀਂ ਪੁਰਾਣੀ ਕਾਰ ਖ਼ਰੀਦਦੇ ਹੋ ਤਾਂ ਤੁਹਾਨੂੰ ਉਸ 'ਤੇ 18 ਫ਼ੀਸਦੀ ਦੀ ਦਰ ਨਾਲ ਜੀਐੱਸਟੀ ਦੇਣਾ ਹੋਵੇਗਾ।

ਜੈਸਲਮੇਰ 'ਚ ਹੋਈ ਜੀਐੱਸਟੀ ਕੌਂਸਲ ਦੀ ਮੀਟਿੰਗ 'ਚ ਮੈਂਬਰਾਂ ਨੇ ਟੈਕਸ ਵਧਾਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿਤੀ। ਜਾਣਕਾਰੀ ਦੱਸ ਦੇਈਏ ਕਿ ਟੈਕਸ ਵਿਚ ਵਾਧਾ ਡੀਲਰਾਂ ਜਾਂ ਵਰਤੀਆਂ ਹੋਈਆਂ ਕਾਰਾਂ ਵੇਚਣ ਵਾਲੀਆਂ ਕੰਪਨੀਆਂ 'ਤੇ ਲਾਗੂ ਹੋਵੇਗਾ। ਜੇਕਰ ਤੁਸੀਂ ਕਿਸੇ ਤੋਂ ਪੁਰਾਣੀ ਕਾਰ ਖ਼ਰੀਦਦੇ ਹੋ, ਤਾਂ ਉਸ 'ਤੇ ਪੁਰਾਣੀ ਟੈਕਸ ਦਰ ਭਾਵ 12 ਫ਼ੀਸਦੀ ਟੈਕਸ ਲਾਗੂ ਹੋਵੇਗਾ। ਮਤਲਬ ਕਿ ਇਸ ਫ਼ੈਸਲੇ ਦਾ ਵਿਅਕਤੀਗਤ ਖ਼ਰੀਦਦਾਰਾਂ ਅਤੇ ਵੇਚਣ ਵਾਲਿਆਂ 'ਤੇ ਕੋਈ ਅਸਰ ਨਹੀਂ ਪਵੇਗਾ।







### ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old,5-10"tall, cleanshave, Canadian Citizen. Call at 204-510-7658 for more info.

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com




### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**

### ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




### ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਆਰ ਐੱਸ ਐੱਸ ਮੁਖੀ ਦਾ ਤਾਜ਼ਾ ਬਿਆਨ ਅਤੇ ਅਕਾਲੀਆਂ ਦੀ ਨਵੀਂ ਪੀੜ੍ਹੀ ਦੀ ਜੱਖਣਾ-ਪੁੱਟ ਰਾਜਨੀਤੀ

ਜਤਿੰਦਰ ਪਨੂੰ ਦੀ ਕਲਮ ਤੋਂ



ਜਿਸ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਤੋਂ ਦੋ ਹਫਤੇ ਲਾਂਭੇ ਕਰਨ ਦਾ ਫੈਸਲਾ ਲਿਆ, ਉਸ ਤੋਂ ਅਗਲੇ ਦਿਨ ਕੁਝ ਪੱਤਰਕਾਰ ਪੰਜਾਬ ਦੇ ਬਦਲਦੇ ਹਾਲਾਤ ਬਾਰੇ ਵਿਚਾਰਾਂ ਕਰਦੇ ਪਏ ਸਨ। ਗੱਲਬਾਤ ਦੇ ਦੌਰਾਨ ਵਾਰ-ਵਾਰ ਕੋਈ ਨਵੀਂ ਆਈ ਖਬਰ ਮਿਲ ਜਾਂਦੀ ਤਾਂ ਚਰਚਾ ਦਾ ਕੇਂਦਰ ਅਕਾਲੀ ਦਲ ਦੀ ਹਾਲਤ, ਸਿੱਖ ਭਾਈਚਾਰੇ ਉੱਤੇ ਭਵਿੱਖ ਵਿੱਚ ਪੈਣ ਵਾਲੇ ਇਸ ਦੇ ਅਸਰ ਅਤੇ ਵਿੱਚ-ਵਿਚਾਲੇ ਮੋੜਾ ਕੱਟ ਕੇ ਕਿਸਾਨਾਂ ਦੇ ਮੋਰਚੇ ਵੱਲ ਵੀ ਚਲਾ ਜਾਂਦਾ ਸੀ। ਇੱਕ-ਦੋ ਵਾਰ ਭਾਰਤ ਦੀ ਪਾਰਲੀਮੈਂਟ ਵਿੱਚ ਰਾਹੁਲ ਗਾਂਧੀ ਤੇ ਭਾਜਪਾ ਵਾਲਿਆਂ ਦੀ ਏਸੇ ਹਫਤੇ ਹੋਈ ਧੱਕਾ-ਮੁੱਕੀ ਬਾਰੇ ਕੋਈ ਨਵੀਂ ਖਬਰ ਆਗਈ, ਪਰ ਉਸ ਵੱਲ ਸਾਡੇ ਵਿੱਚੋਂ ਕਿਸੇ ਦਾ ਬਹੁਤਾ ਧਿਆਨ ਨਹੀਂ ਸੀ ਜਾ ਰਿਹਾ। ਅਚਾਨਕ ਇੱਕ ਖਬਰ ਇਹੋ ਜਿਹੀ ਆਈ, ਜਿਸ ਨੇ ਸਾਰਿਆਂ ਦਾ ਧਿਆਨ ਖਿੱਚਿਆ ਅਤੇ ਉਹ ਖਬਰ ਹਿੰਦੂਤੱਵ ਨੂੰ ਪ੍ਰਣਾਈ ਜਥੇਬੰਦੀ ਆਰ ਐੱਸ ਐੱਸ ਬਾਰੇ ਸੀ। ਉਸ ਦੇ ਮੁਖੀ ਮੋਹਣ ਭਾਗਵਤ ਨੇ ਜੋ ਕੁਝ ਕਿਹਾ ਸੀ, ਉਸ ਦਾ ਬਿਆਨਸੱਚ ਮੰਨਣਾ ਸਾਨੂੰ ਸਭਨੂੰ ਮੁਸ਼ਕਲ ਲੱਗਾ ਸੀ। ਭਾਰਤ ਵਿੱਚ ਅੱਜਕੱਲ੍ਹ ਮਸਜਿਦਾਂ ਹੇਠ ਮੰਦਰਾਂ ਦੀ ਨਿਸ਼ਾਨਦੇਹੀ ਕਰਨ ਦੀ ਮੁਹਿੰਮ ਚਲਾਉਣ ਤੇ ਏਸੇ ਬਹਾਨੇ ਹਿੰਦੂ ਭਾਈਚਾਰੇ ਦੇ ਫਟਾਫਟ ਆਗੂ ਬਣਨ ਦੇ ਯਤਨ ਕਰਦੇ ਨਵੇਂ ਉੱਠਦੇ ਮੁਹਿੰਮਬਾਜ਼ਾਂ ਦੀ ਮੋਹਣਭਾਗਵਤ ਨੇ ਝੰਡ ਕੀਤੀ ਸੀ ਤੇ ਜਿਹੜੀ ਗੱਲ ਉਸ ਨੇ ਕਹੀ ਸੀ, ਉਹ ਉਸ ਦੀ ਜਥੇਬੰਦੀ ਦੇ ਇੱਕ ਸਦੀ ਤੋਂ ਵੱਧ ਦੇ ਰਿਕਾਰਡ ਤੋਂ ਐਨ ਉਲਟ ਨਸੀਹਤਾਂ ਦੇਣ ਵਾਲੀ ਸੀ।

ਪਿਛਲੀ ਸਦੀ ਦੇ ਤੀਸਰੇ ਦਹਾਕੇ ਵਿੱਚ ਜਦੋਂ ਆਰ ਐੱਸ ਐੱਸ, ਪੂਰਾ ਨਾਂਅ ਰਾਸ਼ਟਰੀ ਸੋਇਮਸੇਵਕ ਸੰਘ ਕਾਇਮ ਕੀਤਾ ਗਿਆ, ਉਸ ਵੇਲੇ ਤੋਂ ਇਸ ਦੀ ਸੋਚ ਅਤੇ ਅਮਲ ਘੱਟ-ਗਿਣਤੀ ਧਰਮਾਂ ਤੇ ਉਨ੍ਹਾਂ ਵਿੱਚੋਂ ਵੀ ਖਾਸ ਤੌਰ ਉੱਤੇ ਇੱਕ ਧਰਮ ਦੇ ਖਿਲਾਫ ਆਮ ਲੋਕਾਂ ਨੂੰ ਉਕਸਾਉਣ ਦਾ ਭੱਦਾ ਰਿਕਾਰਡ ਬਣਦੇ ਆਏ ਸਨ। ਇਸ ਵਾਰੀ ਜਦੋਂ ਆਰ ਐੱਸ ਐੱਸ ਦੇ ਮੁਖੀ ਨੇ ਇਹ ਕਿਹਾ ਕਿ ਕੁਝ ਲੋਕ ਹਿੰਦੂਆਂ ਦੇ ਆਗੂ ਬਣਨ ਲਈ ਆਏ ਦਿਨ ਕਿਸੇ ਨਾ ਕਿਸੇ ਥਾਂ ਮਸਜਿਦਾਂ ਦੇ ਹੇਠਾਂ ਮੰਦਰ ਹੋਣ ਦੀ ਨਿਸ਼ਾਨਦੇਹੀ ਕਰਦੇ ਤੇ ਉਨ੍ਹਾਂ ਦਾ ਸਰਵੇ ਕਰਾਉਣ ਦੀ ਮੰਗ ਕਰਦੇ ਸੁਣਾਈ ਦੇਣ ਲੱਗ ਪਏ ਹਨ, ਜਦ ਕਿ ਇਸ ਤਰ੍ਹਾਂ ਹੋਣਾ ਨਹੀਂ ਚਾਹੀਦਾ ਤਾਂ ਇਹ ਬਿਆਨ ਸਾਡੇ ਲਈ ਹੈਰਾਨੀ ਵਾਲਾ ਸੀ। ਸ਼ਾਇਦ ਭਾਗਵਤ ਨੂੰ ਆਪਣੇ ਪੁਰਾਣੇ ਰਿਕਾਰਡ ਕਾਰਨ ਅੱਗੋਂ ਸੁਣਨ ਵਾਲੇ ਮਿਹਣਿਆਂ ਦਾ ਅਗੇਤਾ ਅਹਿਸਾਸ ਹੋਵੇਗਾ ਕਿ ਉਨ੍ਹਾਂ ਨੇ ਨਾਲ ਹੀ ਬਾਬਰੀ ਮਸਜਿਦ ਨੂੰ ਢਾਹੁਣ ਤੇ ਰਾਮ ਜਨਮ ਭੂਮੀ ਮੰਦਰ ਬਣਾਏ ਜਾਣ ਦੀ ਮੁਹਿੰਮ ਨੂੰ ਜਾਇਜ਼ ਠਹਿਰਾਉਣ ਲਈ ਇਹ ਵੀ ਕਹਿ ਦਿੱਤਾ ਕਿ ਉਹ ਸਾਡੀ ਆਸਥਾ ਦਾ ਮਾਮਲਾ ਸੀ। ਇਹੋ ਦਲੀਲ ਇਸ ਵਕਤ ਨਵੇਂ ਉੱਠੇ ਅਤੇ ਇੱਕ ਖਾਸ ਕਿਸਮ ਦੀ ਰਾਜਨੀਤੀ ਨਾਲ ਜੁੜੇ ਆਗੂਆਂ ਵੱਲੋਂ ਉਕਸਾਏ ਜਾ ਰਹੇ ਨਵੇਂ ਆਗੂਆਂਕੋਲ ਹੈ ਕਿ ਇਹ ਸ਼ਰਧਾ ਦਾ ਮੁੱਦਾ ਹੈ ਕਿ ਜਿਸ ਵੀ ਮਸਜਿਦ ਦੇ ਹੇਠਾਂ ਮੰਦਰ ਦੀ ਸੰਭਾਵਨਾ ਹੋਵੇ, ਉਸ ਦਾ ਸਰਵੇ ਕਰਾਉਣਾ ਚਾਹੁੰਦੇ ਹਨ। ਜਿਹੜੀਆਂ ਦਲੀਲਾਂ ਦੇ ਨਾਲ ਚਾਰ ਕੁ ਦਹਾਕੇ ਪਹਿਲਾਂ ਸਾਰੇ ਭਾਰਤ ਵਿੱਚ ਇੱਕ ਰੱਥ ਘੁੰਮਾਇਆ ਗਿਆ ਸੀ ਤੇ ਅਯੁੱਧਿਆ ਵਾਲੀ ਮਸਜਿਦ ਢਾਹੁਣ ਲਈ ਬਹੁ-ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਉਕਸਾਇਆ ਗਿਆ ਸੀ, ਉਹ ਆਪਣੇ ਆਪ ਵਿੱਚ ਇਸ ਦੇਸ਼ ਦੇ ਲੋਕਾਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਢਾਹ ਲਾਉਣ ਵਾਲਾ ਕੰਮ ਸੀ, ਪਰ ਭਾਗਵਤ ਹੁਰੀਂ ਮੰਨਣਗੇ ਨਹੀਂ। ਉਸ ਮੁਹਿੰਮ ਦੇ ਲਈ ਹਿੰਦੂ ਧਰਮ ਨਾਲ ਜੁੜੇ ਡੇਰਿਆਂ ਵਿੱਚ ਬੈਠੇ ਤਿੱਖੀ ਸੁਰ ਵਾਲੇ ਪ੍ਰਚਾਰਕਾਂ ਨੂੰ ਆਰ ਐੱਸ ਐੱਸ ਅਤੇ ਭਾਜਪਾ ਆਗੂ ਓਥੋਂ ਕੱਢ ਲਿਆਏ ਅਤੇ ਭਾਜਪਾ ਦੀਆਂ ਟਿਕਟਾਂ ਦੇ ਕੇ ਲੋਕਾਂ ਦੇ ਭੜਕਾਏ ਜਜ਼ਬਾਤ ਨਾਲ ਪਾਰਲੀਮੈਂਟ ਵਿੱਚ ਆਪਣੀ ਗਿਣਤੀ ਵਧਾਉਣ ਦੇ ਯਤਨਾਂ ਦੀ ਇੱਕ ਨਵੀਂ ਮੁਹਿੰਮ ਦਾ ਤਜਰਬਾ ਛੋਹਿਆ ਗਿਆ ਸੀ। ਫਿਰ ਜਦੋਂ ਉਨ੍ਹਾਂ ਸਾਧਾਂ ਤੇ ਸਾਧਵੀਆਂ ਨੂੰ ਧਾਰਿਮਕਤਾ ਦੇ ਚੋਲੇ ਹੇਠ ਰਾਜਨੀਤੀ ਕਰਨ ਅਤੇ ਡੇਰਿਆਂ ਵਾਲੀ ਸੰਤਗੀ ਦੀ ਬਜਾਏ ਸਰਕਾਰੀ ਰੈੱਸਟ ਹਾਊਸਾਂ ਅਤੇ ਵੱਜਦੇ ਸਲੂਟਾਂ ਦਾ ਸ਼ਾਹੀ ਚਸਕਾ ਲੱਗ ਗਿਆ ਤਾਂ ਉਨ੍ਹਾਂ ਨੇ ਸਾਰੀ ਮੁਹਿੰਮ ਨੂੰ ਆਪਣੇ ਆਪ ਆਪਣੇ ਸਿਰ ਲੈ ਲਿਆ ਸੀ। ਉੱਤਰ ਪ੍ਰਦੇਸ਼ ਦਾ ਅਜੋਕਾ ਮੁੱਖ ਮੰਤਰੀ ਅਤੇ ਇਸ ਤੋਂ ਪਹਿਲਾਂ ਸਾਧਵੀ ਉਮਾ ਭਾਰਤੀ ਵਰਗੇ ਕਈ ਲੋਕ ਏਸੇ ਦੌਰ ਨੇ ਉਭਾਰੇ ਸਨ।

ਜਦੋਂ ਇਹੋ ਜਿਹੀ ਮੁਹਿੰਮ ਅੱਗੇ ਵਧਣ ਲੱਗੀ ਅਤੇ ਇਸ ਨਾਲ ਇਹ ਜਾਪਣ ਲੱਗ ਪਿਆ ਕਿ ਜਿਹੜੇ ਵੀ ਆਗੂ ਨੂੰ ਲੋਕ ਭੜਕਾਉਣੇ ਅਤੇ ਉਨ੍ਹਾਂ ਦੇ ਜਜ਼ਬਾਤ ਦੇ ਵਰੋਲਿਆਂ ਨਾਲ ਅੱਗੇ ਵਧਣਾ ਆ ਜਾਵੇ, ਉਹ ਲੋਕਤੰਤਰੀ ਵਕਤ ਵਿੱਚ ਵੀ ਰਾਜ-ਮਹਿਲਾਂ ਦਾ ਸੁਖ ਮਾਣ ਸਕਦਾ ਹੈ ਤਾਂ ਭਾਜਪਾ ਦੇ ਕਈ ਪੁਰਾਣੇ ਆਗੂ ਵੀ ਇਸ ਰਾਹੇ ਪੈ ਤੁਰੇ ਸਨ। ਨਰਿੰਦਰ ਮੋਦੀ, ਪ੍ਰਵੀਣ ਤੋਗੜੀਆ ਤੇ ਸੰਜੇ ਜੋਸ਼ੀ ਤਿੰਨੇ ਜਣੇ ਜਵਾਨੀ ਵੇਲਿਆਂ ਵਿੱਚ ਆਰ ਐੱਸ ਐੱਸ ਦੇ ਸੋਇਮਸੇਵਕ ਬਣੇ ਸਨ, ਪਰ ਤਿੰਨ ਦਹਾਕਿਆਂ ਦੇ ਕਰੀਬ ਇਨ੍ਹਾਂ ਤਿੰਨਾਂ ਜਾਂ ਇਨ੍ਹਾਂ ਵਰਗੇ ਹੋਰ ਸੋਇਮਸੇਵਕਾਂ ਵਿੱਚੋਂ ਕਿਸੇ ਨੇ ਕਦੇ ਵੀ ਲੋਕ ਉਕਸਾਉਣ ਲਈ ਉਹ ਭਾਸ਼ਾ ਨਹੀਂ ਸੀ ਵਰਤੀ, ਜਿਹੜੀ ਅਚਾਨਕ ਵਰਤੀ ਜਾਣ ਲੱਗੀ ਸੀ। ਜਦੋਂ ਵੇਖਿਆ ਕਿ ਇਸ ਉਕਸਾਊ ਮੁਹਿੰਮ ਨੇ ਡੇਰਿਆਂ ਦੇ ਸਾਧਾਂ ਨੂੰ ਰਾਜ ਦਾ ਸੁਖ ਮਾਣਨ ਦਾ ਸਬੱਬ ਬਣਾ ਦਿੱਤਾ ਹੈ ਤਾਂ ਹਿੰਦੂਤੱਵ ਦੀ ਭਾਰਤ ਵਿੱਚ ਸਰਦਾਰੀ ਲਈ ਇਹ ਲੋਕ ਉਨ੍ਹਾਂ ਤੋਂ ਵੀ ਵੱਡੇ ਮੁਹਿੰਮਬਾਜ਼ ਬਣਨ ਤੁਰ ਪਏ। ਫਿਰ ਉਮਾ ਭਾਰਤੀ ਤੇ ਉਹਦੇ ਵਰਗੇ ਹੋਰ ਆਗੂ ਹਿੰਦੂਤੱਵ ਦੀ ਭੀੜ ਮੂਹਰੇ ਪਛੜ ਗਏ ਤੇ ਨਰਿੰਦਰ ਮੋਦੀ ਤੇ ਪ੍ਰਵੀਣ ਤੋਗੜੀਆ ਵਰਗੇ ਵੱਡੇ ਪ੍ਰਤੀਕ ਬਣਨ ਲੱਗ ਪਏ। ਗੁਜਰਾਤ ਦਾ ਮੁੱਖ ਮੰਤਰੀ ਬਣਦੇ ਸਾਰੇ ਨਰਿੰਦਰ ਮੋਦੀ ਦੀ ਅਗਵਾਈ ਹੇਠ ਜਿੱਦਾਂ ਦੀ ਸਰਕਾਰ ਚੱਲੀ ਤੇ ਓਥੇ ਹੋਏ ਦੰਗਿਆਂ ਦੇ ਵਕਤ ਸੰਵਿਧਾਨਕ ਚੱਜ-ਆਚਾਰ ਤੇ ਸਿਆਸੀ ਹੱਦਬੰਦੀਆਂ ਉਲੰਘ ਕੇ ਜਿਹੜੀ ਬੋਲੀ ਉਸ ਸਰਕਾਰ ਦਾ ਮੁਖੀ ਬੋਲਦੇ ਸੁਣਿਆ ਗਿਆ, ਉਸ ਦਾ ਕਦੀ ਕਿਸੇ ਨੂੰਪਹਿਲਾਂ ਸੁਫਨਾ ਤੱਕ ਵੀ ਨਹੀਂ ਸੀ ਆਇਆ। ਉਨ੍ਹਾਂ ਨੇ ਇੱਕ ਖਾਸ ਧਰਮ ਵਾਲੇ ਲੋਕਾਂ ਨੂੰ 'ਬੱਚੇ ਜੰਮਣ ਦੀਆਂ ਫੈਕਟਰੀਆਂ' ਤੱਕ ਆਖਿਆ, ਓਦੋਂ ਦੇ ਭਾਜਪਾਈ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਰਗੇ ਕੁਝ ਆਗੂਆਂ ਨੇ ਹੱਦਾਂ ਰੱਖਣ ਲਈ ਕਿਹਾ, ਪਰ ਉਸ ਵੇਲੇ ਆਰ ਐੱਸ ਐੱਸ ਇਹੋ ਜਿਹੀ ਭਾਸ਼ਾ ਵਰਤ ਰਹੇ ਆਗੂਆਂ ਨੂੰ ਕੁਝ ਸੰਕੋਚ ਵਰਤਣ ਲਈ ਕਹਿਣ ਦੀ ਥਾਂ ਇਨ੍ਹਾਂ ਦੀ ਢਾਲ ਬਣਨ ਦਾ ਕੰਮ ਕਰਦਾ ਰਿਹਾ ਸੀ।ਸਿੱਟਾ ਇਹ ਨਿਕਲਿਆ ਸੀ ਕਿ ਵਾਜਪਾਈ ਵਰਗਿਆਂ ਨੇ ਤਾਂ ਉਮਰਾਂ ਢਲਣ ਨਾਲ ਖੁਦ ਲਾਂਭੇ ਹੁੰਦੇ ਜਾਣਾ ਸੀ, ਲਾਲ ਕ੍ਰਿਸ਼ਨ ਅਡਵਾਨੀ ਵਰਗੇ ਜਿਹੜੇ ਆਗੂ ਏਦਾਂ ਦੀ ਨਵੀਂ ਪੀੜ੍ਹੀ ਦੇਉਭਾਰ ਦੇ ਅਗਵਾਨੂੰ ਬਣਦੇ ਸਨ, ਉਹ ਵੀ ਖੂੰਜੇ ਲਾਏ ਜਾਣ ਲੱਗ ਪਏ। ਹਿੰਦੂ ਭਾਈਚਾਰੇ ਦੀ ਮਾਨਸਿਕਤਾ ਜਿਹੋ ਜਿਹੀ ਬਣਾਈ ਜਾਂਦੀ ਰਹੀ, ਉਸ ਨਾਲ ਏਥੇ ਇਹੋ ਕੁਝ ਹੋਣਾ ਸੀ, ਜੋ ਅੱਜ ਹੋ ਰਿਹਾ ਹੈ।

ਰਾਜਨੀਤੀ ਲਈ ਜਿਹੜੀ ਮੁਹਿੰਮ ਆਰ ਐੱਸ ਐੱਸ ਅਤੇ ਉਸ ਦੀ ਅਗਵਾਈ ਹੇਠ ਚੱਲਦੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਚਲਾਈ ਸੀ ਤੇ ਜਿੱਦਾਂ ਦੇ ਸਿੱਟੇ ਕੱਢਣ ਵਿੱਚ ਕਾਮਯਾਬ ਰਹੇ ਸਨ, ਉਹ ਸਾਡੇ ਪੰਜਾਬ ਵਿੱਚ ਅਕਾਲੀ ਦਲ ਦੇ ਆਗੂਆਂ ਨੇ ਵੀ ਵਰਤਣ ਲਈ ਚਾਲ ਖੇਡੀ, ਪਰ ਅੰਤ ਨੂੰ ਪੁੱਠੀ ਪੈ ਗਈ। ਸਿਰਸੇ ਵਾਲੇ ਡੇਰਾ ਸੱਚਾ ਸੌਦਾ ਦੀਆਂ ਵੋਟਾਂ ਦਾ ਇਕੱਠਾ ਪਰਾਗਾ ਆਪਣੀ ਰਾਜਸੀ ਝੋਲੀ ਵਿੱਚ ਪੁਆਉਣ ਦੀ ਮੁਕਾਬਲੇਬਾਜ਼ੀ ਅਕਾਲੀ ਅਤੇ ਕਾਂਗਰਸ ਦੋਵਾਂ ਧਿਰਾਂ ਦੇ ਆਗੂ ਕਰਦੇ ਰਹੇ ਸਨ ਤੇ ਜਦੋਂ ਕਦੀ ਉਹ ਡੇਰਾ ਉਨ੍ਹਾਂ ਦੇ ਖਿਲਾਫ ਵੀ ਭੁਗਤ ਜਾਂਦਾ ਤਾਂ ਭੜਕਦੇ ਨਹੀਂ ਸਨ, ਸਗੋਂ ਇਹ ਸੋਚ ਲੈਂਦੇ ਸਨ ਕਿ ਐਤਕੀਂ ਨਾ ਸਹੀ, ਅਗਲੀ ਵਾਰੀ ਇਹ ਡੇਰਾ ਸਾਡੇ ਨਾਲ ਆ ਜੁੜੇਗਾ। ਅਕਾਲੀ ਲੀਡਰਸ਼ਿਪ ਦੀ ਨਵੀਂ ਪੀੜ੍ਹੀ ਏਹੋ ਜਿਹੇ ਸਬਰ ਵਾਲੀ ਨਹੀਂ ਸੀ, ਉਹ ਹਰ ਹੋਰ ਚੀਜ਼ ਉੱਤੇ ਕਬਜ਼ੇ ਦੀ ਭਾਵਨਾ ਵਾਂਗ ਡੇਰੇਦਾਰਾਂ ਬਾਰੇ ਵੀ ਇਹੋ ਸੋਚ ਰੱਖਦੀ ਸੀ ਕਿ ਉਨ੍ਹਾਂ ਦੇ ਹੁੰਦਿਆਂ ਕਿਸੇ ਡੇਰੇ ਦੀ ਇਹੋ ਜਿਹੀਹਿੰਮਤ ਨਹੀਂ ਹੋਣੀ ਚਾਹੀਦੀ ਕਿ ਉਨ੍ਹਾਂ ਦੇ ਵਿਰੁੱਧ ਹੋਣ ਬਾਰੇ ਉਹਕਦੇ ਸੋਚ ਵੀ ਸਕੇ। ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਵੇਲੇ ਉਸ ਦੇ ਇੱਕ ਮੰਤਰੀ ਦੀ ਸਿਰਸੇ ਦੇ ਡੇਰਾ ਮੁਖੀ ਨਾਲ ਨੇੜੇ ਦੀ ਰਿਸ਼ਤੇਦਾਰੀ ਕਾਰਨ ਜਦੋਂ ਅਗਲੀ ਚੋਣ ਵਿੱਚ ਉਹ ਡੇਰਾ ਕਾਂਗਰਸ ਵੱਲ ਭੁਗਤਿਆ ਸੀ ਤਾਂ ਅਕਾਲੀ ਦਲ ਦੀ ਨਵੀਂ ਉੱਠਦੀ ਲੀਡਰਸ਼ਿਪ ਨੇ ਉਸ ਨੂੰ ਸਬਕ ਸਿਖਾਉਣ ਦੀ ਖੇਡ ਖੇਡੀ ਸੀ। ਜਾਮੇ-ਇਨਸਾਂ ਦੇ ਜਿਹੜੇ ਪ੍ਰੋਗਰਾਮ ਤੋਂ ਸਾਰਾ ਬਖੇੜਾ ਸ਼ੁਰੂ ਹੋਇਆ, ਉਸ ਦੇ ਲਈ ਦਸਵੇਂ ਗੁਰੂ ਸਾਹਿਬ ਵਰਗਾ ਚੋਲਾ ਕਿਸ ਨੇ ਭੇਜਿਆ ਸੀ, ਇਹ ਗੱਲ ਬੇਸ਼ੱਕ ਕਦੇ ਬਾਹਰ ਨਹੀਂ ਆਈ, ਜਾਂ ਆਉਣ ਕਦੇ ਨਹੀਂ ਦਿੱਤੀ ਗਈ, ਪਰ ਉਸ ਡੇਰੇ ਨਾਲ ਸੰਬੰਧਤ ਲੋਕ ਦੱਸਦੇ ਹਨ ਕਿ ਓਥੇ ਆਈ ਹਰ ਚੀਜ਼ ਦਾ ਰਿਕਾਰਡ ਹੁੰਦਾ ਹੈ। ਸਿਰਫ ਆਈ ਚੀਜ਼ ਦਾ ਰਿਕਾਰਡ ਨਹੀਂ, ਕਿਸੇ ਵੱਲੋਂ ਭੇਟ ਕੀਤੀਕਿਸ ਚੀਜ਼ ਨੂੰ ਡੇਰਾ ਮੁਖੀ ਨੇ ਕਦੋਂ ਵਰਤਿਆ, ਇਹ ਵੀ ਰਿਕਾਰਡ ਹੁੰਦਾ ਹੈ ਅਤੇ ਜੇ ਉਸ ਦਿਨ ਪਹਿਨੇ ਗਏ ਦਸਵੇਂ ਗੁਰੂ ਸਾਹਿਬ ਦੇ ਚੋਲੇ ਵਰਗੇ ਪਹਿਰਾਵੇਦੀ ਗੱਲ ਲੋਕਾਂ ਤੱਕ ਨਹੀਂ ਆਈ ਤਾਂ ਇਸ ਦਾ ਅਰਥ ਇਹ ਨਹੀਂ ਕਿ ਰਿਕ-ਾਰਡ ਨਹੀਂ ਸੀ। ਡੇਰੇ ਨਾਲ ਜੁੜੇ ਭੇਦੀ ਦੱਸਦੇ ਹਨ ਕਿ ਡੇਰਾ ਮੁਖੀ ਤੇ ਉਸ ਦੀ ਟੀਮ ਉਹ ਸਾਰਾ ਕੁਝ ਛਿਪਾਉਣ ਲੱਗੇ ਰਹੇ, ਕਿਉਂਕਿ ਇਸ ਨਾਲ ਹੋਰ ਕਈ ਬਖੇੜੇ ਪੈਦਾ ਹੋ ਸਕਦੇ ਅਤੇ ਮੁਸ਼ਕਲਾਂ ਵਧ ਸਕਦੀਆਂ ਹਨ। ਇਹ ਕਹਾਣੀ ਲਾਂਭੇ ਰੱਖ ਕੇ ਸੋਚਣ ਵਾਲੀ ਵੱਡੀ ਗੱਲ ਇਹ ਹੈ ਕਿ ਇਹ ਸਾਰਾ ਕੁਝ ਓਸੇ ਤਰ੍ਹਾਂ ਕੀਤਾ ਗਿਆ ਸੀ, ਜਿਵੇਂ ਭਾਜਪਾ ਕਰਦੀ ਪਈ ਸੀ।

ਜਿਸ ਗੱਲ ਨੇ ਵਿਗਾੜ ਪਾਇਆ, ਉਹ ਇਹ ਸੀ ਕਿ ਭਾਜਪਾ ਕੋਲ ਆਰ ਐੱਸ ਐੱਸ ਵਰਗੀ ਇੱਕ ਬਹੁਤ ਮਜ਼ਬੂਤ ਤਾਣੇ ਵਾਲੀ ਜਥੇਬੰਦੀ ਸੀ, ਜਿਹੜੀ ਇਸ ਖੇਡ ਨੂੰ ਆਪਣੇ ਮਿਥੇ ਰੂਟ ਉੱਤੇ ਅੱਗੇ ਲਿਜਾਣ ਦੀ ਸਮਰੱਥਾ ਰੱਖਦੀ ਸੀ, ਜਦ ਕਿ ਅਕਾਲੀ ਆਗੂਆਂ ਦੀ ਨਵੀਂ ਪੀੜ੍ਹੀ ਹਰ ਗੱਲ ਨੂੰ ਜਵਾਨੀ ਦੀ ਮੌਜ ਦਾ ਸਬੱਬ ਸਮਝ ਰਹੀ ਸੀ। ਇੰਦਰਾ ਗਾਂਧੀ ਨੂੰ ਜਦੋਂ ਐਮਰਜੈਂਸੀ ਕਾਰਨ ਹੋਈ ਹਾਰ ਦੇ ਬਾਅਦ ਪੁਰਾਣੇ ਕਾਂਗਰਸੀ ਆਗੂਆਂ ਨੇ ਕਿਹਾ ਕਿ ਤੇਰੇ ਪੁੱਤਰ ਤੇ ਉਸ ਦੇ ਨਾਲ ਜੁੜੀ ਜੁੰਡਲੀ ਦੇ ਆਪਹੁਦਰੇਪਣ ਨੂੰ ਰੋਕਣ ਦੀ ਲੋੜ ਹੈ, ਵਰਨਾ ਪਾਰਟੀ ਦਾ ਭਵਿੱਖ ਖਰਾਬ ਕਰ ਦੇਣਗੇ ਤਾਂ ਉਸ ਨੇ ਇਹ ਗੱਲ ਕਦੇ ਨਹੀਂ ਸੀ ਮੰਨੀ। ਅੱਜ ਕਾਂਗਰਸ ਦੀ ਜਿਹੜੀ ਹਾਲਤ ਹੋ ਚੁੱਕੀ ਹੈ, ਇਹ ਉਸੇ ਦਾ ਨਤੀਜਾ ਹੈ। ਅਕਾਲੀ ਦਲ ਵਿੱਚ ਵੀ ਏਨੀ ਗੱਲ ਕਹਿਣ ਜੋਗੇ ਆਗੂ ਪਹਿਲੀ, ਦੂਸਰੀ ਕੀ, ਕਿਸੇ ਤਰ੍ਹਾਂ ਦੀ ਗਿਣਤੀ ਵਿੱਚ ਨਹੀਂ ਸੀ ਰਹਿਣ ਦਿੱਤੇ ਗਏ ਅਤੇ ਹਰ ਵੇਲੇ ਚਾਪਲੂਸੀ ਕਰਨ ਵਾਲਿਆਂ ਦੀ ਢਾਣੀ ਨੂੰ ਅਕਾਲੀ ਦਲ ਦੀ ਕੋਰ ਟੀਮ ਮੰਨਿਆ ਜਾਣ ਲੱਗ ਪਿਆ ਅਤੇ ਪਾਰਟੀ ਅਤੇ ਰਾਜ ਸਰਕਾਰ ਦੀ ਵਾਗ ਹੌਲੀ-ਹੌਲੀ ਉਨ੍ਹਾਂ ਹਵਾਲੇ ਹੁੰਦੀ ਗਈ ਸੀ। ਇਹ ਨਵੀਂ ਟੀਮ ਏਨੀ ਆਪਹੁਦਰੀ ਹੋਈ ਕਿ ਓਦੋਂ ਤੱਕ ਅਕਾਲੀ ਦਲ ਹਰ ਔਖੀ ਘੜੀ ਜਿਨ੍ਹਾਂ ਧਾਰਮਿਕ ਸ਼ਖਸੀਅਤਾਂ ਨੂੰ ਆਪਣੀ ਅਗਵਾਈ ਵਾਲੇ ਪ੍ਰਤੀਕ ਦੱਸ ਕੇ ਔਖੀਆਂ ਘਾਟੀਆਂ ਪਾਰ ਕਰਦਾ ਰਿਹਾ ਸੀ, ਇਹ ਉਨ੍ਹਾਂ ਨੂੰ ਵੀ ਕਾਰਿੰਦੇ ਮੰਨਣ ਲੱਗ ਪਏ। ਸਿੱਖ ਪੰਥ ਦੇ ਸਿਰਮੌਰ ਗਿਣੇ ਜਾਂਦੇ ਪੰਜ ਸਿੰਘ ਸਾਹਿਬਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਵਿੱਚ ਤਲਬ ਕਰਨ ਤੇ ਉਨ੍ਹਾਂ ਦੇ ਹੱਥ ਹਿੰਦੀ ਭਾਸ਼ਾ ਵਿੱਚ ਲਿਖਿਆ ਰੁੱਕਾ ਫੜਾ ਕੇ ਇਸ ਨੂੰ ਹੁਕਮ-ਨਾਮਾ ਬਣਾ ਦੇਣ ਬਾਰੇ ਮਿਲੀ ਹਦਾਇਤ ਦੀਵਿਰੋਧਤਾ ਦੀ ਜੁਰਅੱਤ ਜੇ ਓਦੋਂ ਦੇ ਸਿੰਘ ਸਾਹਿਬਾਨ ਕਰ ਲੈਂਦੇ ਤਾਂ ਖੁਦ ਵੀ ਬਚ ਜਾਂਦੇ ਅਤੇ ਸਿੱਖੀ ਦੀਆਂ ਸਰਬ ਉੱਚ ਪਦਵੀਆਂ ਨੂੰ ਵੀ ਵਿਵਾਦਾਂ ਵਿੱਚ ਪੈਣ ਤੋਂ ਬਚਾਇਆ ਜਾ ਸਕਦਾ ਸੀ, ਪਰ ਉਹ ਏਨੇ ਜੋਗੇ ਨਹੀਂ ਸੀ ਨਿਕਲੇ ਤੇ ਨਤੀਜੇ ਵਜੋਂ ਨਾ ਧਾਰਮਿਕ ਪੱਖ ਦੀ ਲੀਡਰਸ਼ਿਪ ਵਿਵਾਦਾਂ ਤੋਂ ਬਚ ਸਕੀ ਤੇ ਨਾ ਅਕਾਲੀ ਦਲ ਦੀ ਲੀਡਰਸ਼ਿਪ ਲੋਕਾਂ ਵਿੱਚ ਜਾਣ ਜੋਗੀ ਰਹਿ ਗਈ ਸੀ।

ਅੱਜ ਜਿਸ ਮੋੜ ਉੱਤੇ ਭਾਰਤ ਦੇਸ਼ ਖੜਾ ਹੈ, ਓਥੇ ਆਰ ਐੱਸ ਐੱਸ ਲੀਡਰਸ਼ਿਪ ਸਿੱਧਾ ਕਹਿਣ ਤੋਂ ਬਚਦੀ ਹੈ ਕਿ ਜਥੇਬੰਦਕ ਸ਼ਕਤੀ ਵਾਲੇ ਸੰਗਠਨ ਦੀ ਥਾਂ ਰਾਜਸੀ ਖਾਹਿਸ਼ਾਂ ਵਾਸਤੇ ਧਰਮ ਦੀ ਵਰਤੋਂ ਕਰ ਰਹੇ ਆਗੂਆਂ ਦੀ ਨਵੀਂ ਪੀੜ੍ਹੀ ਸੰਜੇ ਗਾਂਧੀ ਵਾਲੇ ਆਪਹੁਦਰੇ ਰਾਹ ਉੱਤੇ ਪੈਂਦੀ ਜਾਂਦੀ ਹੈ। ਹਰ ਨਵੇਂ ਦਿਨ ਨਵੀਂ ਥਾਂ ਕਿਸੇ ਮਸਜਿਦ ਹੇਠਾਂ ਮੰਦਰ ਹੋਣ ਦੀ ਕਹਾਣੀ ਉਛਾਲਣ ਅਤੇ ਉਸ ਦੇ ਸਰਵੇ ਲਈ ਅਦਾਲਤਾਂ ਦੇ ਹੁਕਮ ਲੈਣ ਵਾਸਤੇ ਜਿਹੜੇ ਲੋਕ ਚਰਚਾ ਵਿੱਚ ਆ ਰਹੇ ਹਨ, ਹਿੰਦੂਤੱਵ ਦੀ ਉਠਾਣ ਦੇ ਬੀਤੇ ਚਾਰ ਦਹਾਕਿਆਂ ਦੇ ਰਿਕਾਰਡ ਵਿੱਚ ਉਨ੍ਹਾਂ ਦਾ ਕੋਈ ਥਾਂ ਨਹੀਂ ਸੀ, ਸਗੋਂ ਇਹ ਸਾਰੇ ਕੰਮਉੱਤੋ-ਡਿੱਗੀ ਹਰ ਸੂਬੇ ਵਿੱਚ ਹਿੰਦੂਤੱਵ ਦੀਆਂ ਪ੍ਰਤੀਕ ਭਾਜਪਾ ਦੀਆਂ ਸਰਕਾਰਾਂ ਬਣਨ ਅਤੇ ਇਨਾਂ ਵਿੱਚੋਂ ਕਿਸੇ ਨਾ ਕਿਸੇ ਰਾਜਸੀ ਅਹੁਦੇ ਲਈ ਜੁਗਾੜ ਕਰਨ ਦੇ ਚਾਹਵਾਨਾਂ ਦੀ ਧਾੜ ਕਰਦੀ ਹੈ ਤੇ ਇਸ ਕੰਮ ਵਿੱਚ ਉਹ ਲੋਕ ਆਰ ਐੱਸ ਐੱਸ ਵਾਲਿਆਂ ਨੂੰ ਵੀ ਕਿਸੇ ਗਿਣਤੀ ਵਿੱਚ ਨਹੀਂ ਰੱਖਦੇ। ਪੰਜਾਬ ਦੇ ਅਕਾਲੀਆਂ ਦੀ ਨਵੀਂ ਲੀਡਰਸ਼ਿਪ ਵਾਂਗ ਨਾ ਉਨ੍ਹਾਂ ਨੇ ਕਦੀ ਆਪਣਾ ਇਤਿਹਾਸ ਪੜ੍ਹਿਆ ਹੈ, ਨਾ ਧਾਰਮਿਕ ਪੱਖੋਂ ਗਿਆਨ ਰੱਖਣ ਦੀ ਕੋਈ ਲੋੜ ਸਮਝਦੇ ਹਨ, ਉਨ੍ਹਾਂ ਵਾਸਤੇ ਅੱਜ ਦਾ ਭਗਵਾਨ ਨਰਿੰਦਰ ਮੋਦੀ ਹੈ, ਜਿਸ ਨੇ ਲੋਕ ਸਭਾ ਚੋਣਾਂ ਮੌਕੇ ਇਹ ਗੱਲਕਹਿਣ ਤੋਂ ਸੰਕੋਚ ਨਹੀਂ ਸੀ ਕੀਤਾ ਕਿ ਉਹ ਆਮ ਲੋਕਾਂ ਵਾਂਗ ਨਹੀਂ, ਖਾਸ ਮੰਤਵ ਲਈ ਭਗਵਾਨ ਵੱਲੋਂ ਭੇਜਿਆ ਖਾਸ ਦੂਤ ਹੈ। ਇਹ ਨਵੇਂ ਉੱਠੇ ਆਗੂ ਹਿੰਦੂਤੱਵ ਦੇ ਨਾਂਅ ਉੱਤੇ ਇਹੋ ਕੁਝ ਕਰਦੇ ਪਏ ਹਨ, ਪਰ ਦੇਰ ਨਾਲ ਸਹੀ, ਉਨ੍ਹਾਂ ਨੂੰ ਟੋਕਣ ਲਈ ਆਰ ਐੱਸ ਐੱਸ ਮੁਖੀ ਨੇ ਜ਼ਬਾਨ ਖੋਲ੍ਹੀ ਹੈ, ਸਗੋਂ ਸੱਚੀ ਗੱਲ ਇਹ ਹੈ ਕਿ ਖੋਲ੍ਹਣੀ ਪਈ ਹੈ। ਉਸ ਨੇ ਇਹ ਵੀ ਕਿਹਾ ਕਿ ਸੰਸਾਰ ਭਰ ਵਿੱਚ ਭਾਰਤ ਵਿੱਚ ਚੱਲਦੀ ਇਸ ਮੰਦਰ-ਮਸਜਿਦ ਮੁਹਿੰਮ ਦੇ ਮਾੜੇ ਸੰਕੇਤ ਗਏ ਹਨ ਅਤੇ ਇਨ੍ਹਾਂ ਦੀ ਥਾਂ ਭਾਰਤ ਤੋਂ ਨਵਾਂ ਸੰਕੇਤ ਭੇਜਣ ਦੀ ਲੋੜ ਹੈ ਕਿ ਭਾਰਤ ਸਾਰਿਆਂ ਦੀ ਇੱਕ ਦੂਜੇ ਨੂੰ ਸਹਿਣ ਕਰਨ ਦੀ ਤਾਕਤ ਨਾਲ ਅੱਗੇ ਵਧਣਾ ਚਾਹੁੰਦਾ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਭਾਰਤ ਵਿੱਚ ਘੱਟ-ਗਿਣਤੀਆਂ ਖਿਲਾਫ ਜੋ ਕੁਝ ਹੁੰਦਾ ਦਿਖਾਈ ਦੇ ਰਿਹਾ ਹੈ, ਇਹ ਬਿਲਕੁਲ ਨਹੀਂ ਹੋਣਾ ਚਾਹੀਦਾ। ਭਾਵੇਂ ਭਾਗਵਤ ਨੇ ਇਹ ਗੱਲਾਂ ਸਿਰਫ ਵਿਖਾਵੇ ਵਾਸਤੇ ਕਹੀਆਂ ਹੋਣ, ਭਾਰਤ ਦੀ ਅਜੋਕੀ ਸਥਿਤੀ ਵਿੱਚ ਇਨ੍ਹਾਂ ਨਾਲ ਉਹ ਪਿਛਲੇ ਮੰਦੇ ਕਦਮਾਂ ਨਾਲੋਂ ਕੁਝ ਨਿਖੇੜਾ ਕਰਦੇ ਦਿੱਸੇ ਹਨ। ਪੰਜਾਬ ਦੀ ਬਦਕਿਸਮਤੀ ਹੈ ਕਿ ਇਸ ਰਾਜ ਦੀ ਇੱਕ ਵੱਡੀ ਧਿਰ ਅਤੇ ਪ੍ਰਮੁੱਖ ਖੇਤਰੀ ਪਾਰਟੀ ਅਕਾਲੀ ਦਲ ਆਪਣੀ ਪ੍ਰਮੁੱਖਤਾ ਨੂੰ ਖੋਰਾ ਲਵਾਉਣ ਮਗਰੋਂ ਵੀ, ਭਾਵੇਂ ਵਿਖਾਵੇ ਵਾਸਤੇ ਹੀ ਸਹੀ, ਅਕਲ ਵੱਲ ਮੂੰਹ ਕਰਨ ਨੂੰ ਤਿਆਰ ਨਹੀਂ। ਪਿਛਲੇ ਸਮੇਂ ਵਿੱਚ ਅਕਾਲੀਆਂ ਦੀ ਨਵੀਂ ਪੀੜ੍ਹੀ ਦੀ ਲੀਡਰਸ਼ਿਪ ਦੀ ਪੈਂਤੜੇਬਾਜ਼ੀ ਉਨ੍ਹਾਂ ਲਈ ਵੀ ਅਤੇ ਪੰਜਾਬ ਲਈ ਵੀ ਜੱਖਣਾ ਪੁੱਟਣ ਵਾਲੀ ਸਾਬਤ ਹੋਈ ਹੈ, ਜੇ ਉਹ ਏਦਾਂ ਹੀ ਚੱਲਦੇ ਰਹੇ ਤਾਂ ਆਪਣਾ ਵੀ ਅਤੇ ਨਾਲ ਦੀ ਨਾਲ ਪੰਜਾਬ ਦਾ ਵੀ ਹੋਰ ਜ਼ਿਆਦਾ ਨੁਕਸਾਨ ਕਰਨ ਵਾਲੇ ਸਾਬਤ ਹੋਣਗੇ।

ਆਰ ਐੱਸ ਐੱਸ ਮੁਖੀ ਮੋਹਣ ਭਾਗਵਤ ਦੇ ਬਿਆਨ ਦੇ ਅਰਥ ਸਿਰਫ ਦੇਸ਼ ਵਿੱਚ ਘੱਟ-ਗਿਣਤੀਆਂ ਵਾਸਤੇ ਨਵੀਂ ਧਾਰਨਾ ਤੱਕ ਸੀਮਤ ਨਹੀਂ, ਭਾਜਪਾ ਨਾਲ ਇਸ ਸੰਗਠਨ ਦੇ ਸੰਬੰਧਾਂ ਅਤੇ ਆਪਣੇ ਅਣਗੌਲੇ ਕੀਤੇ ਜਾਣ ਬਾਰੇ ਚਿੰਤਾ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ ਇਹ ਗੱਲਾਂ ਕੋਈ ਨਹੀਂ ਸੋਚਦਾ। ਉਨ੍ਹਾਂ ਦੀ ਏਨੀ ਗੱਲ ਠੀਕ ਕਹੀ ਜਾਣੀ ਹੈ ਕਿ ਸੰਸਾਰ ਲਈ ਭਾਰਤ ਤੋਂ ਇਸ ਵਕਤ ਜਾ ਰਹੇ ਸੰਕੇਤ ਚੰਗੇ ਨਹੀਂ ਅਤੇ ਇਨ੍ਹਾਂ ਸੰਕੇਤਾਂ ਨੂੰ ਸੁਧਾਰਨ ਦੀ ਲੋੜ ਹੈ।










# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ ?

ਪ੍ਰੋਫੈਸਰ (ਡਾ.) ਦਲਜੀਤ ਸਿੰਘ,
ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ,
ਪ੍ਰੋਫੈਸਰ ਆਫ ਲਾਅ ਅਤੇ ਵਾਈਸ ਚਾਂਸਲਰ
ਰਿਆਤ ਬਾਹਰਾ ਯੂਨੀਵਰਸਿਟੀ।

ਸਿੱਖ ਇਤਿਹਾਸ ਵਿੱਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ- ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿੱਚ ਵਿੱਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜੀ ਪਹੁੰਚੇ। ਦੂਜੇਪਾਸੇਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੋਪੜੀ ਵਿੱਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜੀ ਵਿੱਚ ਜੰਗ ਹੋਈ, ਜਿੱਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗਲ ਫੌਜਾਂ ਨਾਲ 'ਸਵਾ ਲਾਖ ਸੇ ਏਕਲੜਾਊਂ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੀ ਝੋਪੜੀ ਵਿੱਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਨ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌ ਪੋਹ ਦੀ ਰਾਤ ਮੋਰਿੰਡਾ ਜੇਲ ਵਿੱਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਰੱਖੇ ਗਏ। ਇਹਨਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿੱਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਹਨਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿੱਚ ਪਰਪਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਹਨਾਂ ਉੱਪਰਅਸਹਿ ਤਰੀਕੇ ਦੇ ਤਸੀਹਿਆਂ ਨਾਲ ਤਸ਼ੱਦਦ ਕੀਤਾ ਗਿਆ। ਪਹਿਲਾਂ ਉਹਨਾਂ ਨੂੰ ਨੀਹਾਂ ਵਿੱਚ ਚਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਹੀਂ ਮੰਨੇ ਤਾਂ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਉਮਰ ਵਿੱਚ ਆਪਣੇ ਧਰਮ ਦੀ ਖਾਤਰ ਉਹਨਾਂ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਅਦੁਤੀਸ਼ਹਾਦਤ ਵਜੋਂ ਜਾਣੀਜਾਂਦੀਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਹਾਂਮਜਬੂਤ ਕਰ ਗਏ। ਇਸ ਕਰਕੇ ਸੰਗਤ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਰਕੇ ਸਿਰ ਨਿਵਾਉਂਦੀਆਂ ਆ ਰਹੀਆਂ ਹਨ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ "ਵੀਰ ਬਾਲ", ਵਜੋਂ ਕਹੇ ਜਾਣ ਦੀ। ਅਸਲ ਵਿੱਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕ, ਤੋਪਾਂ ਜਾਂ ਬਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿਓ, ਉਸ ਦੀ ਮਾਂ ਬੋਲੀ ਖ਼ਤਮ ਕਰ ਦਿਓ, ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ।ਭਾਰਤ ਵਿੱਚ ਸਿੱਖ ਕੌਮ ਘੱਟ ਗਿਣਤੀ ਵਿੱਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1.7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿੱਚ ਬਹੁਤ ਗਿਣਤੀ ਵਿੱਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦੁਨੀਆਂ ਵਿੱਚ ਖਾਸ ਤੌਰ ਤੇ ਭਾਰਤ ਵਿੱਚ ਬਹੁ ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ ਤੇ ਜੁਲਮ ਜਾਂ ਅਨਿਆਏ ਸਹਿੰਦੀਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਉਹਨਾਂ ਦਾ ਹਿੰਦੂ ਧਰਮ ਬਚਾਉਣ ਲਈਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜੀ ਵਿੱਚ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮਵਿੱਚਪਰਿਵਰਤਿਤਹੋਕੇਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਅਜਿਹੀ ਉਦਾਹਰਨ ਹੈ, ਜਿੱਥੇ ਨੌ ਅਤੇ ਸੱਤ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇਸਿੱਖਧਰਮ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਮਿਲਣ ਤੋਂ ਬਾਅਦ ਉਹਨਾਂ ਨੂੰ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿੱਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਦੇ ਨਾਲ ਬਹੁ ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਨੂੰ ਸਾਹਮਣੇਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜਾਂ ਵਿੱਚ ਤੇਲ ਪਾ ਕੇ ਚੁੱਪ ਚੁਪੀਤੇ ਇਸ ਨੂੰ ਸੁਕਾਉਣ ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਖੇਮੇ ਵਿੱਚ ਕਰ ਰਹੇ ਹਨ। ਉਹਨਾਂ ਵੱਲੋਂ ਸਿੱਖਾਂ ਵਿੱਚ ਖਾਨਾ



ਜੰਗੀ ਕਰਵਾ ਕੇ ਅਤੇ ਆਪਸ ਵਿੱਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾਖਤਰਾ ਨਹੀਂ ਹੈ, ਜਿੰਨਾ ਆਪਣੇ ਅੰਦਰੋਂ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸ਼ੀਅਤਾਂ ਨੂੰ ਪਹਿਚਾਨਣ ਦੀ।

ਭਾਵੇਂ ਕਿ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿੱਚ ਕੀਤੀ ਗਈ, ਜਦੋਂ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ "ਵੀਰ ਬਾਲ ਦਿਵਸ" ਵਜੋਂ ਐਲਾਨਿਆ , ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ "ਬਾਲ ਦਿਵਸ" ਬਾਰੇ ਘੜੀ ਜਾ ਰਹੀ ਸਾਜਿਸ਼ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿੱਚ ਇੱਕ ਲੇਖ ਜਿਸ ਦਾ ਸਿਰਲੇਖ ਸੀ, "ਇੱਕ ਖੁੱਲਾਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜਸ਼ੀ ਮਨਸੇ" ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰਾਂ ਸਨ,"ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ ਬਾਨ ਸ਼ਾਨ ਨੂੰ ਨਿੱਜਸਵਾਰਥ ਤੋਂ ਹੱਟ ਕੇ ਸਹੀ ਅਰਥਾਂ ਵਿੱਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿੱਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀਮੰਗਸਾਜਿਸ਼ ਤਹਿਤਕੀਤੀ ਜਾ ਰਹੀ ਹੈ। ਇਸ ਵਿੱਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲੇ ਖਤ ਰਾਹੀਂ ਇਸ ਸਾਜਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ....ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ ਤੇ ਰਚੀ ਜਾ ਰਹੀ ਡੂੰਘੀ ਸਾਜਿਸ਼ ਜਾਂ ਕੁਝ ਬਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜਿਸ਼ ਤੋਂਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾਅਤੇਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ ਨੂੰ ਬਾਲਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ। ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ.... ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿੱਚ ਜਾਗਰੂਕ ਹੋ ਕੇ ਖੁੱਲੀਆਂ ਅੱਖਾਂ ਨਾਲ ਇਸ ਸਾਜਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰਯਾਦਕਰਨਅਤੇਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿੱਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ।"ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿਥੀ ਸਾਜਿਸ਼ ਅਧੀਨ ਸਿੱਖ ਧਰਮ ਦੀ ਆਨ ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25-26 ਦਸੰਬਰ 2022 ਦੀਆਂ ਅਖਬਾਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ "ਵੀਰ ਬਾਲ ਦਿਵਸ" ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰਲ਼ਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿੱਚ ਸਹਿਯੋਗ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਜੀਸਾਜਿਸ਼ ਹੈ।"

ਇੱਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ ਤੇ ਸਾਹਿਬਜ਼ਾਦਾ ਸ਼ਹਾਦਤ ਦਿਵਸ ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ'ਵੀਰ ਬਾਲ ਦਿਵਸ' ਮਨਾਉਣ ਪਿੱਛੇਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀਸਾਜਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਹਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ। ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜੋਰਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿੱਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿੱਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਹਨਾਂ ਨੂੰ 'ਬ੍ਰੇਵ ਲਿਟਲ ਵਾਰੀਅਰ' ( ) ਜਾ 'ਯੰਗ ਹੀਰੋ' ( ) ਲਿਖਿਆ ਹੋਇਆ ਹੈ। ਸਾਧ ਸੰਗਤ ਜੀ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿੱਚ ਵੀ ਬਹੁਤ ਕਾਬਲਤੇਹੋਣਹਾਰ ਡਿਜ਼ਾਈਨਰ ਬੈਠੇ ਹਨ। ਉਹਨਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿੱਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਬਾਰ ਸਕੀਏ।

ਆਓ, ਅਸੀ ਸਾਰੇ ਰੱਲ਼ਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।

ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਸੰਗਤਾ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਮਾਲਟਨ ਗੁਰੂਘਰ।

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ - ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991


Wishing You a
MERRY CHRISTMAS
and a
HAPPY NEW YEAR
Ruby Sahota
Your Member of Parliament
RubySahotaLib
Ruby.Sahota@parl.gc.ca
905-840-0505


Merry Christmas
and
HAPPY NEW YEAR
TAX-FREE
Happy Holidays!
Wishing you happiness, success, and a wonderful New Year ahead!
Starting Dec 14, 2024 Canadians will enjoy a tax break on everyday essential goods until February 15, 2025!
As we celebrate this holiday season, I want to take a moment to wish each and every one of you a Merry Christmas and a Happy New Year! This time of year is about family, community, and the warmth we share with one another. I'm happy to share that the new GST/HST tax break, running from December 14, 2024, to February 15, 2025, is here to bring a little extra relief during these challenging times. You've all worked hard, and you deserve a break. Wishing you peace, joy, and a wonderful year ahead surrounded by those you love.
– Sonia Sidhu
SONIA SIDHU
Member of Parliament
Brampton South
905-846-0076
sonia.sidhu@parl.gc.ca


Algoma
UNIVERSITY
MY MISSION:
A career in law that tackles climate change
The individual missions of our students are inspired by Algoma University's Special Mission, which is what sets us apart – and brings us together.

